# ਕੈਨੇਡਾ ਦਰਪਣ

ਫਰਵਰੀ 13, 1987

**February 13, 1987**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 50¢ WEEKENDING FEBRUARY 13, 1987 Vol. 6 No. 05 Out of Greater Vancouver 65¢ Second Class Mail Reg. No. 5991

# ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

### ਨਵੇਂ ਸਿੰਘ ਸਾਹਿਬਾਨ ਨੇ ਅਕਾਲੀ ਦਲ ਭੰਗ ਕਰ ਦਿੱਤੇ

## ਬਾਦਲ, ਬਾਬਾ ਵਲੋਂ ਅਸਤੀਫ਼ਾ

### ਏਕਤਾ ’ਤੇ ਵਿਚਾਰ ਕਰਨ ਲਈ ਬਰਨਾਲਾ ਨੇ ਪੰਜ ਮੈਂਬਰੀ ਕਮੇਟੀ ਬਣਾਈ

ਅੰਮ੍ਰਿਤਸਰ — 4 ਫਰਵਰੀ — ਪੰਜ ਸਿੰਘ ਸਾਹਿਬਾਨ ਵਲੋਂ ਏਕਤਾ ਲਈ ਕੀਤੀ ਅਪੀਲ ਨੇ ਪੰਜਾਬ ਦੀ ਰਾਜਨੀਤੀ ਨੂੰ ਨਵਾਂ ਮੋੜ ਦਿੱਤਾ ਹੈ। ਅਕਾਲੀ ਦਲ ਬਾਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਅਤੇ ਸੰਯੁਕਤ ਅਕਾਲੀ ਦਲ ਦੇ ਨੇਤਾ ਬਾਬਾ ਜੁਗਿੰਦਰ ਸਿੰਘ ਨੇ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਹਨ ਅਤੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਏਕਤਾ ਦੀ ਅਪੀਲ ’ਤੇ ਗੌਰ ਕਰਨ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ ਜੋ ਕੱਲ੍ਹ 5 ਫਰਵਰੀ ਤੱਕ ਆਪਣੀ ਰਿਪੋਰਟ ਦੇ ਦੇਵੇਗੀ।

ਨਵੇਂ ਨਿਯੁਕਤ ਹੋਏ ਪੰਜਾਂ ਸਿੰਘ ਸਾਹਿਬਾਨ ਨੇ 3 ਫਰਵਰੀ ਨੂੰ ਸਾਰੇ ਅਕਾਲੀ ਦਲਾਂ ਨੂੰ ਭੰਗ ਕਰਨ ਦਾ ਐਲਾਨ ਕਰਕੇ ਏਕਤਾ ਦੀ ਅਪੀਲ ਕੀਤੀ ਸੀ। ਬਾਦਲ ਅਤੇ ਬਾਬਾ ਜੁਗਿੰਦਰ ਸਿੰਘ ਗਰੁੱਪ ਨੇ ਇਸ ਫੈਸਲੇ ਦਾ ਸੁਆਗਤ ਕੀਤਾ ਅਤੇ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ। ਸਿੰਘ ਸਾਹਿਬਾਨ ਨੇ ਆਪਣੇ ਫੈਸਲੇ ਵਿਚ ਸ਼ੁਕਰਵਾਰ ਤੱਕ ਅਸਤੀਫੇ ਦੇਣ ਲਈ ਕਿਹਾ ਸੀ।

ਸਿੰਘ ਸਾਹਿਬਾਨ ਦੀ ਇਸ ਅਪੀਲ ’ਤੇ ਵਿਚਾਰ ਕਰਨ ਲਈ ਅਕਾਲੀ ਦਲ ਲੌਂਗੋਵਾਲ ਦੇ ਪ੍ਰਧਾਨ ਸੁਰਜੀਤ ਸਿੰਘ ਬਰਨਾਲਾ ਨੇ ਵਰਕਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਸੱਦ ਲਈ। ਇਸ ਮੀਟਿੰਗ ’ਚ 5 ਮੈਂਬਰੀ ਕਮੇਟੀ ਬਣਾਈ ਗਈ ਹੈ ਜੋ 5 ਫਰਵਰੀ ਸ਼ਾਮ ਤੱਕ ਸਾਰੇ ਪਹਿਲੂਆਂ ’ਤੇ ਵਿਚਾਰ ਕਰਕੇ ਆਪਣੀ ਰਿਪੋਰਟ ਵਰਕਿੰਗ ਕਮੇਟੀ ਨੂੰ ਦੇ ਦੇਵੇਗੀ।

ਵਰਨਣਯੋਗ ਹੈ ਕਿ ਪੰਜ ਸਿੰਘ ਸਾਹਿਬਾਨ ’ਚੋਂ ਤਿੰਨ ਦੀ ਨਿਯੁਕਤੀ 26 ਜਨਵਰੀ ਨੂੰ ਹੀ ਹੋਈ ਹੈ। ਸ਼੍ਰੋਮਣੀ ਕਮੇਟੀ ਨੇ ਅਕਾਲ ਤਖਤ ਦੇ ਹੈਡ ਗ੍ਰੰਥੀ ਅਤੇ ਦਮਦਮਾ ਸਾਹਿਬ ਅਤੇ ਕੇਸਗੜ੍ਹ ਸਾਹਿਬ ਦੇ ਜਥੇਦਾਰਾਂ ਨੂੰ ਹਟਾ ਕੇ ਇਨ੍ਹਾਂ ਦੀ ਨਿਯੁਕਤੀ ਕੀਤੀ ਸੀ। ਇਨ੍ਹਾਂ ’ਚ ਕਸ਼ਮੀਰਾ ਸਿੰਘ ਹੈਡ ਗ੍ਰੰਥੀ ਅਕਾਲ ਤਖਤ, ਜਸਵਿੰਦਰ ਸਿੰਘ ਹੈਡ ਗ੍ਰੰਥੀ ਦਮਦਮਾ ਸਾਹਿਬ ਅਤੇ ਸਤਵਿੰਦਰ ਸਿੰਘ ਹੈਡ ਗ੍ਰੰਥੀ ਕੇਸਗੜ੍ਹ ਸ਼ਾਮਲ ਹਨ।

ਅਕਾਲ ਤਖਤ ਦੇ ਜਥੇਦਾਰ ਦਰਸ਼ਨ ਸਿੰਘ ਅਤੇ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਪੂਰਨ ਸਿੰਘ ਦੀ ਨਿਯੁਕਤੀ ਕੁਝ ਚਿਰ ਪਹਿਲਾਂ ਕੀਤੀ ਗਈ ਸੀ।

## ਭਾਰਤ-ਪਾਕਿ ਗੱਲਬਾਤ ਜਾਰੀ

ਨਵੀਂ ਦਿੱਲੀ — 4 ਫਰਵਰੀ — ਭਾਰਤ ਅਤੇ ਪਾਕਿਸਤਾਨ ਦੀ ਸਰਹੱਦ ’ਤੇ ਜਮ੍ਹਾਂ ਹੋਈਆਂ ਫੌਜਾਂ ਨੂੰ ਹਟਾਉਣ ਅਤੇ ਇਕ ਹੋਰ ਜੰਗ ਦੇ ਖਤਰੇ ਨੂੰ ਟਾਲਣ ਲਈ ਦੋਹਾਂ ਦੇਸ਼ਾਂ ਦੇ ਪ੍ਰਤੀਨਿਧੀਆਂ ਵਿਚਕਾਰ ਦਿੱਲੀ ’ਚ ਹੋ ਰਹੀ ਗੱਲਬਾਤ ਅਜੇ ਜਾਰੀ ਹੈ। ਕਲ੍ਹ ਤੱਕ ਕੋਈ ਫੈਸਲਾ ਹੋਣ ਦੀ ਸੰਭਾਵਨਾ ਹੈ।

ਪਾਕਿਸਤਾਨ ਦੇ ਬਿਦੇਸ਼ ਸਕੱਤਰ ਅਬਦੁੱਲ ਸਤਾਰ ਨੇ 31 ਜਨਵਰੀ ਨੂੰ ਦਿੱਲੀ ਪਹੁੰਚ ਕੇ ਭਾਰਤੀ ਅਧਿਕਾਰੀਆਂ ਅਤੇ ਨੇਤਾਵਾਂ ਨਾਲ ਗੱਲਬਾਤ ਸ਼ੁਰੂ ਕੀਤੀ ਸੀ। ਦੋ ਦਿਨਾਂ ਇਸ ਮੀਟਿੰਗ ’ਚ ਕੋਈ ਸਮਝੌਤਾ ਨਾ ਹੋਣ ਕਰਕੇ ਮੀਟਿੰਗ ਨੂੰ 5 ਫਰਵਰੀ ਤੱਕ ਵਧਾ ਦਿੱਤਾ ਗਿਆ। ਪੇਪਰ ਦੇ ਪ੍ਰੈਸ ’ਚ ਜਾਣ ਤੱਕ ਖਬਰਾਂ ਮਿਲੀਆਂ ਹਨ ਕਿ ਸਮਝੌਤਾ ਹੋਣ ਦੀ ਆਸ ਵਧ ਗਈ ਹੈ।

4 ਫਰਵਰੀ ਨੂੰ ਪਾਕਿਸਤਾਨ ਦੇ ਬਿਦੇਸ਼ ਸਕੱਤਰ ਨੇ ਭਾਰਤੀ ਬਿਦੇਸ਼ ਮੰਤਰੀ ਨਰਾਇਣ ਦੱਤ ਤਿਵਾੜੀ ਨਾਲ ਕੋਈ 45 ਮਿੰਟ ਗੱਲਬਾਤ ਕੀਤੀ

ਉਧਰ ਜੰਮੂ ਕਸ਼ਮੀਰ ਦੀ ਸਰਹੱਦ ’ਤੇ ਗੋਲੀ ਚੱਲਣ ਦੀਆਂ ਖਬਰਾਂ ਵੀ ਮਿਲੀਆਂ ਹਨ। ਇਕ ਦੂਜੇ ’ਤੇ ਫਾਇਰਿੰਗ ਦੌਰਾਨ 2 ਭਾਰਤੀ ਨਾਗਰਿਕਾਂ ਅਤੇ 3 ਪਾਕਿਸਤਾਨੀ ਫੌਜੀਆਂ ਦੇ ਜ਼ਖਮੀ ਹੋਣ ਦਾ ਪਤਾ ਲੱਗਿਆ ਹੈ। ਭਾਰਤ ਨੇ ਦੋਸ਼ ਲਾਇਆ ਸੀ ਕਿ ਜੰਮੂ ਇਲਾਕੇ ’ਚ ਭਾਰਤੀ ਜਹਾਜ਼ਾਂ ’ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਸਰਹੱਦ ’ਤੇ ਕਈ ਭਾਰਤੀ ਪਿੰਡਾਂ ਨੂੰ ਵੀ ਖਾਲੀ ਕਰਵਾ ਲਿਆ ਗਿਆ ਹੈ। ਪਾਕਿਸਤਾਨੀ ਇਲਾਕੇ ਵਿਚ ਟੈਂਕਾਂ ਨੂੰ ਤਾਇਨਾਤ ਕੀਤਾ ਜਾ ਰਿਹਾ ਹੈ।

ਇਨ੍ਹਾਂ ਭੜਕਾਊ ਕਾਰਵਾਈਆਂ ਦੇ ਬਾਵਜੂਦ ਵੀ ਦਿੱਲੀ ’ਚ ਗੱਲਬਾਤ ਕਰ ਰਹੇ ਅਧਿਕਾਰੀ ਇਸ ਨੂੰ ਬਹੁਤੀ ਅਹਿਮੀਅਤ ਨਹੀਂ ਦੇ ਰਹੇ ਪੈਦਾ ਹੋਏ ਮਤਭੇਦਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਰਾਜਸੀ ਹਲਕਿਆਂ ਦਾ ਵਿਚਾਰ ਹੈ ਕਿ ਬਾਦਲ ਗਰੁੱਪ ਦੇ ਇਨ੍ਹਾਂ ਸਿੰਘ ਸਾਹਿਬਾਨ ਨੇ ਇਹ ਅਪੀਲ ਸੁਰਜੀਤ ਸਿੰਘ ਬਾਰਨਾਲਾ ਨੂੰ ਸਿੱਖ ਸਿਆਸਤ ਅਤੇ ਮੁੱਖ ਮੰਤਰੀ ਦੇ ਪਦ ਤੋਂ ਲਾਂਭੇ ਕਰਨ ਲਈ ਕੀਤੀ ਹੈ।

ਪਾਕਿਸਤਾਨੀ ਸਰਕਾਰ ਨੇ ਦਿੱਲੀ ’ਚ ਹੋ ਰਹੀ ਗੱਲਬਾਤ ਵਾਰੇ ਅਜੇ ਕੋਈ ਟਿੱਪਣੀ ਨਹੀਂ ਕੀਤੀ। ਸਿਆਸੀ ਹਲਕਿਆਂ ਦਾ ਵਿਚਾਰ ਹੈ ਕਿ ਲੰਮੀ ਹੋ ਰਹੀ ਗੱਲਬਾਤ ਇਸ ਗੱਲ ਦਾ ਸਬੂਤ ਹੈ ਕਿ ਦੋਨੋਂ ਦੇਸ਼ ਕਿਸੇ ਸਮਝੌਤੇ ਨੂੰ ਅਪੜ ਜਾਣਗੇ।

## ਗੋਰਖਾ ਅੰਦੋਲਨ ਦੋ ਮਹੀਨੇ ਲਈ ਮੁਲਤਵੀ

ਨਵੀਂ ਦਿੱਲੀ — ਗੋਰਖਾ ਨੈਸ਼ਨਲ ਲਿਬਰੇਸ਼ਨ ਫਰੰਟ ਨੇ ਗੋਰਖਾਲੈਂਡ ਦੀ ਮੰਗ ਲਈ ਚਲਾਇਆ ਜਾ ਰਿਹਾ ਅੰਦੋਲਨ ਦੋ ਮਹੀਨੇ ਲਈ ਰੱਦ ਕਰ ਦਿੱਤਾ ਹੈ।

ਗੋਰਖਾ ਨੈਸ਼ਨਲ ਲਿਬਰੇਸ਼ਨ ਫਰੰਟ ਦੀ ਅਗਵਾਈ ਸੁਭਾਸ਼ ਘੀਸ਼ਿੰਗ ਕਰ ਰਿਹਾ ਹੈ ਜੋ ਬੰਗਾਲ ਦੇ ਦਾਰਜੀਲਿੰਗ ਜ਼ਿਲੇ ’ਚ ਅੱਠ ਲੱਖ ਗੋਰਖਿਆਂ ਲਈ ਵੱਖਰੇ ਰਾਜ ਦੀ ਮੰਗ ਕਰ ਰਿਹਾ ਹੈ।

ਘੀਸ਼ਿੰਗ ਨੇ ਕਿਹਾ ਕਿ ਅੰਦੋਲਨ ਮੁਲਤਵੀ ਕਰਨ ਦਾ ਫੈਸਲਾ ਗ੍ਰਹਿ ਮੰਤਰੀ ਬੂਟਾ ਸਿੰਘ ਨਾਲ ਗੱਲਬਾਤ ਕਰਨ ਤੋਂ ਬਾਅਦ ਕੀਤਾ ਗਿਆ ਹੈ। ਬੂਟਾ ਸਿੰਘ ਨੇ ਮੰਗ ਕੀਤੀ ਸੀ ਕਿ ਮਸਲੇ ਨੂੰ ਸ਼ਾਂਤੀ ਪੂਰਵਕ ਹੱਲ ਕਰਨ ਲਈ ਜ਼ਰੂਰੀ ਹੈ ਕਿ ਮਾਹੌਲ ਨੂੰ ਸਾਜਗਾਰ ਬਣਾਇਆ ਜਾਵੇ।

ਆਉਂਦੇ ਸ਼ਨਿਚਰਵਾਰ ਨੂੰ ਰਾਜੀਵ ਗਾਂਧੀ ਦਾਰਜੀਲਿੰਗ ਦੇ ਦੌਰੇ ’ਤੇ ਜਾ ਰਿਹਾ ਹੈ।

ਉਧਰ ਪੱਛਮੀ ਬੰਗਾਲ ਦੇ ਮੁਖ ਮੰਤਰੀ ਜੋਤੀ ਬਾਸੂ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਜਿੰਨਾ ਚਿਰ ਗੋਰਖਾ ਫਰੰਟ ਵੱਖਰੇ ਰਾਜ ਦੀ ਮੰਗ ਦਾ ਖਿਆਲ ਨਹੀਂ ਤਿਆਗਦਾ, ਅਸੀਂ ਕੋਈ ਗਲਬਾਤ ਨਹੀਂ ਕਰ ਸਕਦੇ।



ਏ. ਸੀ. ਜਿਊਲਰਜ਼

9373 - 120 St. Delta, B.C.

PH. 588-5808



ਡੈਲਟਾ-ਸਰੀ ਨਿਵਾਸੀਆਂ ਨੂੰ ਹੁਣ ਹੋਰ ਥਾਂ ਜਾਣ ਦੀ ਲੋੜ ਨਹੀਂ — ਸਿੱਧੇ ਸਕਾਟ ਰੋਡ ਉਤੇ ਚਲੇ ਆਓ

ਆਪਣੀ ਮਰਜ਼ੀ ਦੇ ਗਹਿਣੇ ਬਣਵਾਓ — 40 ਸਾਲ ਦਾ ਤਜਰਬਾ

# ਕੈਨੇਡਾ ਵੱਲੋਂ ਬੰਗਲਾ ਦੇਸ਼ ਨੂੰ ਗਰਾਂਟ ਦਾ ਐਲਾਨ

ਢਾਕਾ — ਕੈਨੇਡਾ ਨੇ ਬੰਗਲਾ ਦੇਸ਼ ਨੂੰ 75.6 ਮਿਲੀਅਨ ਡਾਲਰ ਦੀ ਨਵੀਂ ਗਰਾਂਟ ਦੇਣ ਦਾ ਐਲਾਨ ਕੀਤਾ ਹੈ। ਕੈਨੇਡਾ ਦੇ ਬਦੇਸ਼ੀ ਮਾਮਲਿਆਂ ਦੇ ਮੰਤਰੀ ਜੋਅ ਕਲਾਰਕ ਨੇ ਢਾਕਾ ਵਿਚ ਇਹ ਐਲਾਨ ਕਰਦਿਆਂ ਕਿਹਾ ਕਿ ਇਹ ਗਰਾਂਟ ਕੈਨੇਡਾ ਤੋਂ ਖਾਣ ਪੀਣ ਦੀਆਂ ਵਸਤਾਂ ਮੰਗਵਾਉਣ ਅਤੇ ਹੋਰ ਪ੍ਰੋਜੈਕਟਾਂ ਲਈ ਦਿੱਤੀ ਜਾਵੇਗੀ।

ਬੰਗਲਾ ਦੇਸ਼ ਦੀ ਪੰਜ ਰੋਜ਼ਾ ਯਾਤਰਾ ਦੌਰਾਨ ਕਲਾਰਕ ਨੇ ਉਥੇ ਕਈ ਮੰਤਰੀਆਂ ਨਾਲ ਗੱਲਬਾਤ ਕੀਤੀ। ਕਲਾਰਕ ਚਿਟਾਗਾਂਗ ਦੀ ਬੰਦਰਗਾਹ ਦੇਖਣ ਵੀ ਗਿਆ ਜਿਥੇ ਕੈਨੇਡਾ ਤੋਂ ਆਇਆ ਮਾਲ ਉਤਾਰਿਆ ਜਾ ਰਿਹਾ ਸੀ।

ਜੋਅ ਕਲਾਰਕ ਦਾ ਢਾਕੇ ਤੋਂ ਬਾਅਦ ਦਿੱਲੀ ਜਾਣ ਦਾ ਪ੍ਰੋਗਰਾਮ ਹੈ ਜਿਥੇ ਅਤਿਵਾਦੀਆਂ ਦੇ ਮਸਲੇ ਨੂੰ ਲੈ ਕੇ ਦੋਹਾਂ ਦੇਸ਼ਾਂ 'ਚ ਮਹੱਤਵਪੂਰਨ ਸਮਝੌਤਾ ਹੋਣ ਦੀ ਸੰਭਾਵਨਾ ਹੈ।

# ਕੈਨੇਡਾ ਵਲੋਂ ਸਾਲਾਨਾ 30 ਕਰੋੜ ਡਾਲਰ ਦਾ ਅਸਲਾ ਫਰੋਖਤ

ਕਿੰਗਸਟਨ — ਸੰਸਾਰ ਵਿਚ ਸਭ ਤੋਂ ਵੱਧ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲਾ ਦੇਸ਼ ਕੈਨੇਡਾ ਹਰ ਵਰ੍ਹੇ ਗਰੀਬ ਦੇਸ਼ਾਂ ਨੂੰ 300 ਮਿਲੀਅਨ ਡਾਲਰ ਦੇ ਹਥਿਆਰ ਵੇਚਦਾ ਹੈ। ਜਿਹੜੇ 45 ਦੇਸ਼ਾਂ ਨੂੰ ਕੈਨੇਡਾ ਹਥਿਆਰ ਵੇਚਦਾ ਹੈ, ਉਹਨਾਂ ਹਰ ਤਿੰਨਾਂ ਵਿਚ ਇਕ ਦੇਸ਼ ਫੌਜੀ ਸੁਰੱਖਿਆ ਨਾਲ ਸਬੰਧਿਤ ਸਾਮਾਨ ਖਰੀਦਦਾ ਹੈ। ਇਹਨਾਂ ਵਿਚੋਂ ਅੱਧੇ ਦੇਸ਼ਾਂ ਨੂੰ ਤਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਕੇ ਇਹ ਹਥਿਆਰਾਂ ਦੀ ਸਪਲਾਈ ਕੀਤੀ ਜਾਂਦੀ ਹੈ। ਤੀਜੀ ਦੁਨੀਆਂ ਵਿਚ 'ਫੌਜੀਕਰਣ' ਦੇ ਅਨਵਾਨ ਬਲੇ ਵਿਚ ਕੀਤੀ ਗਈ ਦੋ ਦਿਨਾਂ ਕਾਨਫਰੰਸ ਵਿਚ ਮਨੁੱਖੀ ਅਧਿਕਾਰਾਂ ਬਾਰੇ ਪ੍ਰਮੁਖ ਬੁਲਾਰਿਆਂ ਵਲੋਂ ਦੱਸਿਆ ਗਿਆ ਹੈ ਕਿ ਕੈਨੇਡੀਅਨ ਫੌਜੀ ਸਾਜ ਸਮਾਨ ਖਰੀਦਣ ਵਾਲਿਆਂ ਵਿਚ ਅਰਜਨਟਾਈਨਾ, ਚਿੱਲੀ, ਗੁਟੇਮਾਲਾ, ਦੱਖਣੀ ਅਮਰੀਕਾ ਪਰਾਗਵੇ ਤੇ ਪਾਕਿਸਤਾਨ ਵੱਡੀ ਮਾਤਰਾ ਦੇ ਗਾਹਕ ਹਨ।

# ਨੀਊਵੈਸਟ ਗੁਰੂ ਘਰ ਦੀ ਚੋਣ ਵਿਚ ਪੁਰਾਣਾ ਧੜਾ ਫਿਰ ਕਾਬਜ਼

ਨਿਊਵੈਸਟ — ਐਤਵਾਰ ਨੂੰ ਹੋਈਆਂ ਚੋਣਾਂ ਵਿਚ ਗੁਰਦੁਆਰਾ ਨਿਊਵੈਸਟ ਵਿਚ ਪੁਰਾਣਾ ਧੜਾ ਆਪਣਾ ਕਬਜ਼ਾ ਕਾਇਮ ਰੱਖਣ ਵਿਚ ਕਾਮਯਾਬ ਰਿਹਾ ਦੱਸਿਆ ਜਾਂਦਾ ਹੈ। ਯਾਦ ਰਹੇ ਕਿ ਪਿਛਲੇ ਦਿਨੀਂ ਵਿਰੋਧੀ ਸਲੇਟ ਦੇ ਇਕ ਉਮੀਦਵਾਰ ਨੇ ਦੋਸ਼ ਲਾਇਆ ਸੀ ਕਿ ਵੋਟਾਂ ਲੋਕਾਂ ਦੇ ਘਰਾਂ ਵਿਚ ਜਾ ਕੇ ਬਣਾਈਆਂ ਗਈਆਂ ਜਦ ਕਿ ਗੁਰਦੁਆਰੇ ਦੇ ਵਿਧਾਨ ਵਿਚ ਹੈ ਕਿ ਵੋਟਰ ਦਾ 10 ਵਾਰੀ ਗੁਰਦੁਆਰੇ ਆਉਣਾ ਜ਼ਰੂਰੀ ਹੈ। ਇਕ ਹੋਰ ਉਮੀਦਵਾਰ ਦੇ ਦੱਸਣ ਅਨੁਸਾਰ ਮਿਸ਼ਨ ਅਤੇ ਐਬਟਸਫੋਰਡ ਵਿਚ ਵੋਟਾਂ ਲੋਕਾਂ ਦੇ ਘਰਾਂ ਵਿਚ ਜਾ ਕੇ ਬਣਾਈਆਂ ਗਈਆਂ। ਪਰ ਕਾਬਜ਼ ਧੜੇ ਨੇ ਇਸ ਦੋਸ਼ ਦਾ ਖੰਡਨ ਕੀਤਾ।

ਜਿੱਤੀ ਹੋਈ ਸਲੇਟ ਦੇ ਨਾਂ ਇਸ ਪ੍ਰਕਾਰ ਹਨ : ਪ੍ਰਧਾਨ — ਗੁਰਨਾਮ ਸਿੰਘ ਗਿੱਲ, ਮੀਤ ਪ੍ਰਧਾਨ — ਸਵਰਨ ਸਿੰਘ ਬੁੱਟਰ, ਖਜ਼ਾਨਚੀ — ਹਰਦੇਵ ਸਿੰਘ ਕੰਬੋਂ, ਮੀਤ ਸਕੱਤਰ — ਮੋਤਾ ਸਿੰਘ ਗਰੇਵਾਲ, ਖਜ਼ਾਨਚੀ — ਹਰੀ ਸਿੰਘ, ਮੀਤ ਖਜ਼ਾਨਚੀ — ਰਘਬੀਰ ਸਿੰਘ ਮਾਨ, ਮੈਂਬਰਾਨ — ਜੁਗਿੰਦਰ ਸਿੰਘ ਗਿੱਲ, ਸ਼ੇਰ ਸਿੰਘ ਬਰਾੜ, ਹਾਕਮ ਸਿੰਘ ਢੀਂਡਸਾ, ਬਿਕਰ ਸਿੰਘ ਸਿੱਧੂ, ਨਰਿੰਜਨ ਸਿੰਘ ਢਿਲੋਂ — ਆਡਿਟ ਕਮੇਟੀ — ਅਜੀਤ ਸਿੰਘ ਬਰਾੜ, ਹਰਭਜਨ ਸਿੰਘ ਭੂਪਾਲ ਅਤੇ ਗੁਰਦਿਆਲ ਸਿੰਘ ਧਾਲੀਵਾਲ।

# ਐਕਸੀਡੈਂਟ 'ਚ ਤਿੰਨ ਮੌਤਾਂ

ਸਰੀ — ਪਿਛਲੇ ਦਿਨੀਂ ਸਰੀ 'ਚ ਹੋਏ ਇਕ ਕਾਰ ਹਾਦਸੇ 'ਚ ਇਕ ਪੰਜਾਬੀ ਔਰਤ ਅਤੇ ਦੋ ਬੱਚੀਆਂ ਮਾਰੀਆਂ ਗਈਆਂ।

ਐਕਸੀਡੈਂਟ ਦਾ ਸ਼ਿਕਾਰ ਹੋਣ ਵਾਲਿਆਂ 'ਚ ਸੁਰਿੰਦਰ ਕੌਰ ਹੰਸਰਾ 26 ਸਾਲ, ਨਵਦੀਪ ਬਰਾੜ ਉਮਰ 9 ਸਾਲ ਅਤੇ ਸੰਦਨਵੀਰ ਕੌਰ ਗਿੱਲ ਉਮਰ ਦੋ ਸਾਲ ਸ਼ਾਮਲ ਹਨ। ਇਨ੍ਹਾਂ ਮੌਤਾਂ 'ਤੇ ਪੰਜਾਬੀ ਹਲਕਿਆਂ 'ਚ ਬੜਾ ਦੁੱਖ ਦਾ ਇਜ਼ਹਾਰ ਕੀਤਾ ਜਾ ਰਿਹਾ ਹੈ।

# ਜੌਬ ਪ੍ਰੋਗਰਾਮ 'ਚ ਭਾਰੀ ਕਟੌਤੀ

ਅਟਵਾ — ਫੈਡਰਲ ਸਰਕਾਰ ਦੇ ਰੁਜ਼ਗਾਰ ਮੰਤਰੀ ਬੈਨਟ ਬੁਚਰਡ ਨੇ ਕਿਹਾ ਹੈ ਕਿ ਸਰਕਾਰ 'ਜੌਬ ਕਰੀਏਸ਼ਨ ਪ੍ਰੋਗਰਾਮ' ਦੇ ਸਾਲਾਨਾ 1.9 ਬਿਲੀਅਨ ਡਾਲਰ ਬੱਜਟ ਵਿਚੋਂ 200 ਮਿਲੀਅਨ ਡਾਲਰ ਘੱਟ ਕਰ ਰਹੀ ਹੈ।

ਓਨਟੋਰੀਓ ਦੇ ਸਕਿੱਲ ਮੰਤਰੀ ਸੋਰਬਾਸ ਨੇ ਦੋਸ਼ ਲਾਇਆ ਹੈ ਕਿ ਬੁਚਰਡ ਨੇ ਇਹ ਕਟੌਤੀ 400 ਮਿਲੀਅਨ ਡਾਲਰ ਤੱਕ ਕਰਨ ਦੀ ਸਲਾਹ ਦਿੱਤੀ ਹੈ। ਰੁਜ਼ਗਾਰ ਮੰਤਰੀ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਹੈ। ਉਨ੍ਹਾਂ ਕਿਹਾ ਕਿ ਆਉਂਦੇ ਸਾਲ 'ਚ ਸਿਰਫ 200 ਮਿਲੀਅਨ ਡਾਲਰ ਤੱਕ ਕਟੌਤੀ ਹੋਵੇਗੀ। ਮੰਤਰੀ ਨੇ ਹੋਰ ਕਿਹਾ ਕਿ ਪਿਛਲੇ ਤਿੰਨ ਮਹੀਨਿਆਂ ਤੋਂ ਬੇਰੁਜ਼ਗਾਰੀ ਦੀ ਦਰ 9.4 ਪ੍ਰਤੀਸ਼ਤ ਹੈ।

'ਸਟੂਡੈਂਟ ਜੌਬ ਕਰੀਏਸ਼ਨ ਪ੍ਰੋਗਰਾਮ' 'ਚ ਇਸ ਸਾਲ 25 ਮਿਲੀਅਨ ਡਾਲਰ ਦੀ ਕਟੌਤੀ ਕਰਨ 'ਤੇ ਸਰਕਾਰ ਦੀ ਪਹਿਲਾਂ ਹੀ ਭਾਰੀ ਨੁਕਤਾਚੀਨੀ ਹੋ ਰਹੀ ਹੈ। ਸਰਕਾਰ ਦਾ ਇਸ ਪ੍ਰੋਗਰਾਮ 'ਤੇ ਇਸ ਸਾਲ 180 ਮਿਲੀਅਨ ਡਾਲਰ ਖਰਚਣ ਦਾ ਵਿਚਾਰ ਹੈ।

# ਡੇਵਿਡ ਕੇਂਡਲ ਮੇਅਰ ਬਣਿਆ

ਮਾਸਕੀ — ਕਲੀਅਰਬਰੁੱਕ — ਮਾਸਕੀ ਦੀ ਮਿਊਂਸਪੈਲਿਟੀ ਦੀਆਂ ਚੋਣਾਂ ਵਿਚ ਸਾਬਕਾ ਐਲਡਰਮੈਨ ਡੇਵਿਡ ਕੇਂਡਲ ਮੇਅਰ ਚੁਣੇ ਗਏ ਹਨ।

ਐਲਡਰਮੈਨ ਲਈ ਚੁਣੇ ਗਏ ਵਿਅਕਤੀਆਂ ਦੇ ਨਾਂ ਇਸ ਪ੍ਰਕਾਰ ਹਨ :— ਜੌਹਨ ਫਰੀਜਨ, ਮੈਨੋ ਫਰੋਸ, ਡੋਨਲਡ ਫੰਕ ਅਤੇ ਹਾਈ ਸਕੂਲ ਦੇ ਪ੍ਰਿੰਸੀਪਲ ਜਾਰਜ ਪੀਰੀ।

ਇਹ ਚੋਣਾਂ ਸਾਬਕਾ ਮੇਅਰ ਹੈਰੀ ਜੋਂਗ ਅਤੇ ਐਲਡਰਮੈਨ ਪੀਟਰ ਡਿਊਕ ਦੇ ਬੀ. ਸੀ. ਅਸੈਂਬਲੀ ਲਈ ਚੁਣੇ ਜਾਣ ਤੋਂ ਬਾਅਦ ਅਹੁਦੇ ਛੱਡਣ ਕਰਕੇ ਹੋਈਆਂ ਹਨ। ਵਰਨਣਯੋਗ ਹੈ ਕਿ ਤਿੰਨ ਐਲਡਰਮੈਨ ਨੇ ਮੇਅਰ ਦੀ ਚੋਣ ਲੜਨ ਲਈ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿਤੇ ਸਨ ਅਤੇ ਡੇਵਿਡ ਕੇਂਡਲ ਹੀ ਮੇਅਰ ਬਣੇ। ਦੋ ਪੰਜਾਬੀਆਂ ਨੇ ਵੀ ਐਲਡਰਮੈਨ ਦੀ ਚੋਣ ਲੜੀ ਪਰ ਕਾਮਯਾਬ ਨਾ ਹੋ ਸਕੇ।


## ਹਾਂਗਕਾਂਗ ਵਿਚ ਜੇ ਤੁਸੀਂ ਰੁਕ ਕੇ ਜਾਣਾ ਚਾਹੋ ਤਾਂ ਬੈਂਸ ਟਰੈਵਲ ਸਰਵਿਸ ਇਹ ਪ੍ਰਬੰਧ ਕਰ ਸਕਦੇ ਹਨ

ਭਾਰਤ ਜਾਣ ਵਾਲਿਆਂ ਲਈ ਜੋ ਰਾਹ ਵਿਚ
ਕਿਤੇ ਰੁਕਣਾ ਨਹੀਂ ਚਾਹੁੰਦੇ, ਲਈ ਸਿੱਧੀਆਂ
ਫਲਾਈਟਾਂ ਦਾ ਵੀ ਪ੍ਰਬੰਧ ਹੈ



ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ਼੍ਰੀ ਲੰਕਾ, ਡਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

**BAINS TRAVEL SERVICE**

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363

## ਪੰਜਾਬੀ ਮਾਰਕਿਟ ਵਿਚ

## ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ,
ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS'
SHOES AND LEATHER
LUGGAGE & ACCESSORIES

**Mohinder Singh Mann**
ਮੁਹਿੰਦਰ ਸਿੰਘ ਮਾਨ
**321-4353**
**MANN SHOE STORE**
6570 MAIN ST., VANCOUVER, B.C.

## D.P. Pandia & Associates

**Immigration Consultants**
**Serving the Community Since 1939**

**Ph. (604) 684-3716 or 684-8601**

# 61 - 553 Granville St., Vancouver, B.C.

# ਅਮਰੀਕਾ ਜਾਣ ਦੇ ਚਾਹਵਾਨਾਂ ’ਚੋਂ ਬਹੁਤਿਆਂ ਨੂੰ ਨਿਰਾਸ਼ਾ

ਵੈਨਕੂਵਰ — ਬੀ. ਸੀ. ’ਚ ਫੈਲੀ ਬੇਰੁਜ਼ਗਾਰੀ ਅਤੇ ਅਮਰੀਕਾ ਦੀ ਚਮਕ ਦਮਕ ਨੇ ਹਜ਼ਾਰਾਂ ਬੀ. ਸੀ. ਨਿਵਾਸੀਆਂ ਨੂੰ ਅਮਰੀਕਾ ’ਚ ਪੱਕੇ ਤੌਰ ’ਤੇ ਵਸਣ ਲਈ ਅਰਜ਼ੀਆਂ ਦੇਣ ’ਤੇ ਮਜ਼ਬੂਰ ਕੀਤਾ ਹੈ।

ਅਮਰੀਕਾ ਲਈ ਸਪੈਸ਼ਲ ਵੀਜ਼ਾ ਲੈਣ ਦੇ ਚਾਹਵਾਨਾਂ ’ਚੋਂ ਬਹੁਤਿਆਂ ਨੂੰ ਨਿਰਾਸ਼ ਹੋਣਾ ਪਏਗਾ ਕਿਉਂਕਿ ਸਿਰਫ਼ ਕੈਨੇਡਾ ਵਿਚ ਪੈਦਾ ਹੋਏ ਵਿਅਕਤੀ ਹੀ ਵੀਜ਼ੇ ਲਈ ਵਿਚਾਰੇ ਜਾਣਗੇ।

ਇਮੀਗਰਾਂਟ ਅਤੇ ਰਿਫੀਊਜ਼ੀਆਂ ਦੇ ਇਕ ਬੁਲਾਰੇ ਅਨੁਸਾਰ ਅਮਰੀਕਾ ਦੀ ਇਹ ਸ਼ਰਤ ਬੜੀ ਵਿਤਕਰੇ ਭਰੀ ਹੈ।

ਇਸ ਪ੍ਰੋਗਰਾਮ ਅਧੀਨ ਆਉਂਦੇ ਦੋ ਸਾਲਾਂ ’ਚ 10000 ਇਮੀਗਰਾਂਟ ਅਮਰੀਕਾ ਨੇ ਪ੍ਰਵਾਨ ਕਰਨੇ ਹਨ। ਅਮਰੀਕਾ ਦੇ ਵੈਨਕੂਵਰ ਸਥਿਤ ਕੌਂਸਲੇਟ ਦੇ ਬੁਲਾਰੇ ਅਨੁਸਾਰ ਲਗਭਗ 10 ਹਜ਼ਾਰ ਬੀ. ਸੀ. ਦੇ ਬਸ਼ਿੰਦਿਆਂ ਨੇ ਵੀਜ਼ਾ ਪ੍ਰੋਗਰਾਮ ’ਚ ਦਿਲਚਸਪੀ ਲਈ ਹੈ। ਇਨ੍ਹਾਂ ਵਿਚੋਂ ਦੋ ਤਿਹਾਈ ਇਸ ਵੀਜ਼ੇ ਲਈ ਮੁਢਲੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਕਿਉਂਕਿ ਹੁਣ ਭਾਵੇਂ ਉਹ ਕੈਨੇਡੀਅਨ ਹਨ, ਪਰ ਉਹ ਇਥੇ ਪੈਦਾ ਨਹੀਂ ਹੋਏ ਸਨ।

ਕਮੇਟੀ ਫਾਰ ਰੇਸੀਅਲ ਜਸਟਿਸ ਦੇ ਪ੍ਰਧਾਨ ਨੇ ਅਮਰੀਕਾ ਦੀ ਇਸ ਨੀਤੀ ਦੀ ਸਖ਼ਤ ਆਲੋਚਨਾ ਕੀਤੀ ਹੈ। ਅਜੀਜ਼ ਖਾਕੀ ਨੇ ਕਿਹਾ, “ਅਸੀਂ ਕੈਨੇਡੀਅਨਾਂ ਨੇ ਕਦੀ ਵੀ ਇਹ ਕਹਿ ਕੇ ਵਿਤਕਰਾ ਨਹੀਂ ਕੀਤਾ ਕਿ ਤੁਸੀਂ ਇਥੇ ਦੇ ਜੰਮੇ ਹੋਏ ਹੋਣ ਕਰਕੇ ਚੰਗੇ ਸ਼ਹਿਰੀ ਹੋ। ਸਾਰੇ ਸਿਟੀਜਨ ਬਰਾਬਰ ਹਨ।”

ਵੈਨਕੂਵਰ ਰੀਫਊਜ਼ੀ ਕੌਂਸਲ ਦੇ ਪ੍ਰਧਾਨ ਡਾ. ਸਟੇਨਲੇ ਨਾਈਟ ਨੇ ਇੰਨੀ ਗਿਣਤੀ ਵਿਚ ਅਰਜ਼ੀਆਂ ਭਰੇ ਜਾਣ ਦਾ ਕਾਰਨ ਆਰਥਿਕਤਾ ਦੱਸਿਆ ਹੈ। ਡਾ. ਨਾਈਟ ਅਨੁਸਾਰ ਲੋਕ ਕੰਮ ਚਾਹੁੰਦੇ ਹਨ। ਉਹ ਕੰਮ ਕਰਕੇ ਸ਼ਾਨ ਨਾਲ ਜਿਊਣਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਸ਼ਾਨ ਇਥੋਂ ਮਿਲਦੀ ਮਹਿਸੂਸ ਨਹੀਂ ਹੁੰਦੀ।

ਅਜੀਜ਼ ਖਾਕੀ ਦਾ ਕਹਿਣਾ ਹੈ ਕਿ ਗਵਾਂਢੀ ਦੇ ਬਾਗ ਦਾ ਘਾਹ ਹਰਾ ਲੱਗਦਾ ਹੈ। ਬਹੁਤੇ ਇਮੀਗਰਾਂਟ ਲੋਕਾਂ ਦਾ ਖਿਆਲ ਹੈ ਕਿ ਅਮਰੀਕਾ ’ਚ ਤਾਂ ਲਹਿਰਾਂ ਬਹਿਰਾਂ ਹਨ।

ਇਮੀਗਰੇਸ਼ਨ ਕੰਸਲਟੇਟ ਕਾਵੇਕੀ ਅਨੁਸਾਰ ਬਹੁਤੇ ਇਮੀਗਰਾਂਟ ਕੈਨੇਡਾ ’ਚ ਵੀ ਇਹੀ ਆਸਾਂ ਲੈ ਕੇ ਆਏ ਸਨ। ਉਨ੍ਹਾਂ ਦਾ ਖਿਆਲ ਸੀ ਕਿ ਗਲੀਆਂ ’ਚੋਂ ਪੈਸੇ ਹੂੰਝ ਲਵਾਂਗੇ ਪਰ ਇਹ ਬੜੀਆਂ ਗੈਰ ਯਥਾਰਥਕ ਆਸਾਂ ਸਨ। ਕੈਨੇਡਾ ’ਚ ਭਾਰੀ ਬੇਰੁਜ਼ਗਾਰੀ ਹੋਣ ਕਰਕੇ ਜਦੋਂ ਸੁਫਨੇ ਤਿੜਕਦੇ ਹਨ ਤਾਂ ਉਹ ਕੰਮ ਅਤੇ ਆਪਣੇ ਬੱਚਿਆਂ ਦੇ ਵਧੀਆ ਭਵਿੱਖ ਦੀ ਤਲਾਸ਼ ਵਿਚ ਅਮਰੀਕਾ ਜਾ ਕੇ ਵਸਣ ਦੀ ਕੋਸ਼ਿਸ਼ ਕਰਦੇ ਹਨ।

ਮਲਟੀਕਲਚਰਲ ਸੁਸਾਇਟੀਜ਼ ਐਂਡ ਸਰਵਿਸ ਏਜੰਸੀਜ ਆਫ ਬੀ. ਸੀ. ਦੇ ਬੁਲਾਰੇ ਲੂਸੀ ਸਾਰਨਸਨ ਦਾ ਖਿਆਲ ਹੈ ਕਿ ਅਰਜ਼ੀਆਂ ਦੇਣ ਵਾਲੇ ਬਹੁਤੇ ਨੌਜਵਾਨ ਹਨ ਕਿਉਂਕਿ ਨੌਜਵਾਨਾਂ ਨੂੰ ਭਾਰੀ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅਜੀਜ਼ ਖਾਕੀ ਦਾ ਇਹ ਵੀ ਵਿਚਾਰ ਹੈ ਕਿ ਕੈਨੇਡਾ ਦੇ ਬਹੁਤੇ ਲੋਕਾਂ ਲਈ ਕੈਨੇਡਾ ਜਾਂ ਅਮਰੀਕਾ ਰਹਿਣਾ ਇਕ ਹੀ ਗੱਲ ਹੈ ਕਿਉਂਕਿ ਮਹਾਂਦੀਪ ਇਕ ਹੀ ਹੈ ਅਤੇ ਬਾਰਡਰ ਇਧਰ ਉਧਰ ਆਉਣ ਦੇ ਰਾਹ ’ਚ ਰੋੜਾ ਨਹੀਂ ਬਣਦਾ।

# ਸਰੀ ਦੀ ਆਬਾਦੀ 26.3 ਪ੍ਰਤੀਸ਼ਤ ਵਧੀ

ਵੈਨਕੂਵਰ — ਬੀਤੇ ਹਫ਼ਤੇ ਰਲੀਜ਼ ਕੀਤੇ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਪਿਛਲੇ ਪੰਜਾਂ ਸਾਲਾਂ ਦੌਰਾਨ ਗਰੇਟਰ ਵੈਨਕੂਵਰ ਦੀ ਆਬਾਦੀ ਵਿਚ 8.5 ਪ੍ਰਤੀਸ਼ਤ ਵਾਧਾ ਹੋਇਆ ਹੈ। ਗਰੇਟਰ ਵੈਨਕੂਵਰ ਦੀ ਕੁਲ ਆਬਾਦੀ 1.4 ਮਿਲੀਅਨ ਨੂੰ ਟੱਪ ਗਈ ਹੈ।






ਸੱਭ ਤੋਂ ਜ਼ਿਆਦਾ ਵਾਧਾ ਸਰੀ ਵਿਚ ਹੋਇਆ ਹੈ। ਇਹ ਵਾਧਾ 26.3 ਪ੍ਰਤੀਸ਼ਤ ਹੈ। ਸਰੀ ਤੋਂ ਬਿਨਾਂ ਗਰੇਟਰ ਵੈਨਕੂਵਰ ਦੇ ਦੂਜੇ ਸ਼ਹਿਰਾਂ ’ਚ ਮਾਸਕੀ ਦੂਜੇ ਨੰਬਰ ’ਤੇ ਹੈ। ਇਥੇ ਇਹ ਵਾਧਾ 21.6 ਪ੍ਰਤੀਸ਼ਤ ਹੈ। ਲੈਂਗਲੀ ਟਾਊਨਸ਼ਿਪ 19.1 ਪ੍ਰਤੀਸ਼ਤ, ਕੋਕਿਟਲਿਮ 12.7 ਪ੍ਰਤੀਸ਼ਤ, ਰਿਚਮੰਡ 12.1 ਪ੍ਰਤੀਸ਼ਤ ਅਤੇ ਮੈਪਿਲ ਰਿਜ ਏਰੀਏ ’ਚ ਇਹ ਵਾਧਾ 10.9 ਪ੍ਰਤੀਸ਼ਤ ਨੋਟ ਕੀਤਾ ਗਿਆ ਹੈ।

ਗਰੇਟਰ ਵੈਨਕੂਵਰ ’ਚ ਆਬਾਦੀ ਪੱਖੋਂ ਸਰੀ ਦੂਜੇ ਨੰਬਰ ’ਤੇ ਹੈ। ਇਥੇ 180,075 ਲੋਕ ਵਸਦੇ ਹਨ। ਵੈਨਕੂਵਰ ’ਚ 427,131 ਲੋਕ ਰਹਿੰਦੇ ਹਨ ਅਤੇ ਇਹ ਪਹਿਲੇ ਨੰਬਰ ’ਤੇ ਹੈ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਥੇ ਵਾਧਾ 3.2 ਪ੍ਰਤੀਸ਼ਤ ਹੈ ਜੋ ਕਿ ਦੂਜੇ ਇਲਾਕਿਆਂ ਦੇ ਮੁਕਾਬਲੇ ਬਹੁਤ ਘੱਟ ਹੈ।

ਸਰੀ ਦੇ ਮੇਅਰ ਡੌਨ ਰੌਸ ਅਨੁਸਾਰ ਸਰੀ ਅਤੇ ਡੈਲਟਾ ਦੋਹਾਂ ’ਚ ਟਰੈਫਿਕ ਬਹੁਤ ਵੱਧ ਗਿਆ ਹੈ। ਮੇਅਰ ਨੇ ਕਿਹਾ ਕਿ ਪਾਣੀ ਅਤੇ ਹੋਰ ਸਹੂਲਤਾਂ ਦੀ ਵਧੀ ਮੰਗ ਨੂੰ ਪੂਰਾ ਕੀਤਾ ਜਾ ਰਿਹਾ ਹੈ। ਸਰੀ ਲਈ ਹੋਰ ਪੁਲੀਸ ਦੀ ਲੋੜ ਹੈ।

ਮੇਅਰ ਡੌਨ ਰੌਸ ਨੇ ਕਿਹਾ ਕਿ ਨਵੀਆਂ ਸੜਕਾਂ ਅਤੇ ਹੋਰ ਨਵੀਂ ਉਸਾਰੀ ਲਈ ਜ਼ਿਆਦਾ ਪੈਸੇ ਦੀ ਲੋੜ ਹੈ।

ਸਰੀ ਅਤੇ ਕੋਕਿਟਲਿਮ ’ਚ ਆਬਾਦੀ ਇੰਨੀ ਤੇਜ਼ੀ ਨਾਲ ਵਧਣ ਦੇ ਕਈ ਕਾਰਨ ਹਨ। ਇਥੇ ਘਰ ਸਸਤੇ ਹਨ ਅਤੇ ਖੁਲ੍ਹੇ ਹਨ। ਸੜਕਾਂ ਵੀ ਵਧੀਆਂ ਹਨ।

# ਸਿੱਧੂ ’ਤੇ ਹਮਲੇ ਦਾ ਕੇਸ ਸ਼ੁਰੂ

ਵੈਨਕੂਵਰ — ਪੰਜਾਬ ਦੇ ਮੰਤਰੀ ਮਲਕੀਤ ਸਿੰਘ ਸਿੱਧੂ ’ਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ ’ਚ ਫੜੇ ਚਾਰ ਵਿਅਕਤੀਆਂ ਦਾ ਕੇਸ ਅਦਾਲਤ ਵਿਚ ਸ਼ੁਰੂ ਹੋ ਗਿਆ ਹੈ।

ਮਲਕੀਤ ਸਿੰਘ ਸਿੱਧੂ ’ਤੇ ਪਿਛਲੇ ਸਾਲ 25 ਮਈ ਨੂੰ ਟਹਿਸਾਸ ਤੋਂ ਆਉਂਦਿਆਂ ਹਮਲਾ ਹੋਇਆ ਸੀ। ਸਿੱਧੂ ਇਥੇ ਆਪਣੇ ਇਕ ਰਿਸ਼ਤੇਦਾਰ ਦੀ ਸ਼ਾਦੀ ਦੇ ਸਬੰਧ ਵਿਚ ਆਇਆ ਸੀ, 25 ਮਈ ਨੂੰ ਟਹਿਸਾਸ ਤੋਂ ਮੁੜਦਿਆਂ ਉਸ ਦੀ ਕਾਰ ਗੋਲਡ ਰਿਵਰ ਨੇੜੇ ਰੋਕੇ ਗੋਲੀਆਂ ਮਾਰੀਆਂ ਗਈਆਂ ਸਨ। ਸਿੱਧੂ ਦੇ ਦੋ ਗੋਲੀਆਂ ਲੱਗੀਆਂ ਪਰ ਉਹ ਬਚ ਗਿਆ।

ਜਿਨ੍ਹਾਂ ਵਿਅਕਤੀਆਂ ’ਤੇ ਕੇਸ ਚਲਾਇਆ ਜਾ ਰਿਹਾ ਹੈ ਉਨ੍ਹਾਂ ਚ ਜਸਬੀਰ ਸਿੰਘ ਅਟਵਾਲ, ਜਸਪਾਲ ਸਿੰਘ ਅਟਵਾਲ, ਸੁਖਦਿਆਲ ਸਿੰਘ ਗਿੱਲ ਅਤੇ ਅਮਰਜੀਤ ਸਿੰਘ ਢੀਂਡਸਾ ਸ਼ਾਮਲ ਹਨ। ਅਦਾਲਤ ਦੀ ਕਾਰਵਾਈ ਜਾਰੀ ਰਹੇਗੀ।

● ਸਾਡੇ ਅਸੈਂਬਲੀ ਵਿਚ ਗਏ ਨੁਮਾਇੰਦੇ ਜੇ ਇਸ ਗੱਲ ਬਾਰੇ ਗੌਰ ਨਹੀਂ ਕਰਦੇ ਤਾਂ ਉਹਦਾ ਕਾਰਨ ਇਹ ਹੈ ਕਿ ਉਹਨਾਂ ਨੂੰ ਇਨ੍ਹਾਂ ਗੱਲਾਂ ਦੀ ਤਕਲੀਫ ਨਹੀਂ। ਉਹਨਾਂ ਦੀਆਂ ਸ਼ਹਿਰਾਂ ਵਿਚ ਤੇ ਚੰਡੀਗੜ੍ਹ ਵਿਚ ਆਪਣੀਆਂ ਕੋਠੀਆਂ ਹਨ, ਜਿਥੇ ਨਾ ਚਿੱਕੜ ਹੈ, ਨਾ ਮੱਖੀ ਹੈ, ਨਾ ਮੱਛਰ ਹੈ। ਇਹ ਲੋਕ ਗਰੀਬਾਂ ਦੇ ਨੁਮਾਇੰਦੇ ਕਿਸ ਤਰ੍ਹਾਂ ਚੁਣੇ ਜਾਂਦੇ ਹਨ, ਇਹ ਵੀ ਇਕ ਸਿਆਸਤ ਹੈ।


## ਜ਼ਰੂਰੀ ਐਲਾਨ

ਮੇਰੀਡੀਅਨ ਇਨਸ਼ੋਰੈਂਸ ਵਾਲੇ ਬੜੇ ਮਾਣ ਨਾਲ ਆਪਣਾ ਦੂਸਰਾ ਦਫ਼ਤਰ ਰਿਚਮੰਡ ਵਿਚ ਖੋਲ੍ਹਣ ਦਾ ਐਲਾਨ ਕਰਦੇ ਹਨ

ਨਵੇਂ ਦਫ਼ਤਰ ਦਾ ਪਤਾ :

**F.W. INSURANCE AGENCIES LTD.**

Unit 115-8980 - No. 3 Road, RICHMOND, B.C. V6Y 2E8 (ਜੋ ਕਿ ਫਰਾਂਸਿਸ ਸਟਰੀਟ ਤੇ ਨੰਬਰ 3 ਰੋਡ ਦੇ ਕੋਨੇ ਤੇ ਹੈ)

ਸੰਤਬੀਰ ਸਿੰਘ ਮਿਨਹਾਸ ਹੋਰਾਂ ਦਾ ਪਹਿਲਾ ਦਫ਼ਤਰ ਮੇਰੀਡੀਅਨ ਇਨਸ਼ੋਰੈਂਸ ਪੋਰਟ ਕੁਕਿਟਲਮ ਵਿਚ ਹੈ

ਦਫਤਰ ਦਾ ਪਤਾ 3268 ਕੋਸਟ ਮੈਰੀਡੀਅਨ ਰੋਡ ਪੋਰਟ ਕੁਕਿਟਲਮ — ਬੀ. ਸੀ. V3B 3N4

**Ph. 941-8544**

FOR ALLSTATE LOW RATES PLUS AUTOPLAN FINANCE
— AVAILABLE ON APPROVED CREDIT

ਘਰਾਂ ਦੀ ਵਾਜਬ ਕੀਮਤਾਂ ਤੇ ਇਨਸ਼ੋਰੈਂਸ ਕਰਾਉਣ ਲਈ

**Res. 271-1248**



Santbir Minhas

CALL US FIRST

**Express Internationl Travel (1986) Ltd.** ATAC

## ਸਪੈਸ਼ਲ ਸੀਟ ਸੇਲ ਕਿਰਾਏ : 321-8777

ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਦੇ ਹਰ ਕੋਨੇ ਵਿਚ

ਸਪੈਸ਼ਲ ਸਰਵਿਸ

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

**5787 Victoria Drive, VANCOUVER, B.C. V5P 3W5**



AJIT KANG

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

# ਅਕਾਲੀ ਧੜਿਆਂ ਦੀ ਏਕਤਾ ਦੇ ਯਤਨ

ਪੰਜਾਬ ਤੋਂ ਪੁੱਜੀਆਂ ਤਾਜ਼ੀਆਂ ਖਬਰਾਂ ਅਨੁਸਾਰ ਨਵੇਂ ਨਿਯੁਕਤ ਕੀਤੇ ਜਥੇਦਾਰਾਂ ਨੇ ਅਕਾਲੀ ਧੜਿਆਂ ਦੇ ਲੀਡਰਾਂ ਤੋਂ ਅਸਤੀਫ਼ੇ ਮੰਗ ਕੇ ਬਾਦਲ, ਬਾਬਾ ਧੜੇ ਭੰਗ ਕਰ ਦਿਤੇ ਹਨ ਜਦ ਕਿ ਬਰਨਾਲਾ ਧੜੇ ਨੇ 5 ਮੈਂਬਰਾਂ ਉਤੇ ਆਧਾਰਿਤ ਇਕ ਕਮੇਟੀ ਬਣਾ ਦਿਤੀ ਹੈ ਜੋ ਸ਼ੁਕਰਵਾਰ ਤੱਕ ਫੈਸਲਾ ਕਰੇਗੀ। ਸ਼੍ਰੋਮਣੀ ਅਕਾਲੀ ਦਲ (ਬਰਨਾਲਾ) ਦੀ ਹਾਲਤ ਸ਼੍ਰੋਮਣੀ ਕਮੇਟੀ ਦੀਆਂ ਸਾਲਾਨਾਂ ਚੋਣਾਂ ਬਾਦਲ-ਟੌਹੜਾ ਧੜੇ ਨੂੰ ਹਾਰਨ ਪਿਛੋਂ ਕਾਫ਼ੀ ਕਮਜ਼ੋਰ ਹੋਈ ਹੈ। ਅਸਲ ਵਿਚ ਬਰਨਾਲਾ ਦਲ ਨੂੰ ਢਾਹ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਲੱਗੀ। ਕੇਂਦਰ ਸਰਕਾਰ ਜਾਪਦਾ ਹੈ ਬਰਨਾਲਾ ਨੂੰ ਲਾਹ ਕੇ ਪੰਜਾਬ ਸਰਕਾਰ ਦੀ ਵਾਗਡੋਰ ਬਾਦਲ-ਟੌਹੜਾ-ਅਮਰਿੰਦਰ ਧੜੇ ਨੂੰ ਸੌਂਪਣਾ ਚਾਹੁੰਦੀ ਹੈ ਕਿਉਂਕਿ ਬਰਨਾਲਾ ਨੂੰ ਜਿੰਨਾ ਚਿਰ ਉਨ੍ਹਾਂ ਆਪਣੀ ਰਾਜਨੀਤੀ ਅਨੁਸਾਰ ਵਰਤਣਾ ਸੀ, ਵਰਤ ਲਿਆ ਹੈ। ਬਾਦਲ ਅਤੇ ਟੌਹੜਾ ਨੂੰ ਨਜ਼ਰਬੰਦ ਹੀ ਏਸੇ ਲਈ ਕੀਤਾ ਗਿਆ ਸੀ ਤਾਂਕਿ ਅੰਦਰ ਬੈਠ ਕੇ ਉਹ ਕੇਂਦਰ ਨਾਲ ਸਾਜ਼ਬਾਜ਼ ਕਰ ਸਕਣ। ਅਖਬਾਰੀ ਖਬਰਾਂ ਅਨੁਸਾਰ ਬੂਟਾ ਸਿੰਘ ਆਦਿ ਵੀ ਉਨ੍ਹਾਂ ਨੂੰ ਰਾਇਪੁਰ ਜੇਲ੍ਹ ਵਿਚ ਮਿਲ ਚੁੱਕੇ ਹਨ।

ਚਾਹੀਦਾ ਤਾਂ ਇਹ ਸੀ ਕਿ ਪਿਛਲੇ ਸਾਲ ਹੀ ਜਦੋਂ ਬਰਨਾਲੇ ਨੂੰ ਇਹ ਪਤਾ ਲੱਗ ਚੁਕਿਆ ਸੀ ਕਿ ਕੇਂਦਰੀ ਲੀਡਰਾਂ ਦਾ ਇਕ ਧੜਾ ਪੰਜਾਬ ਸਮਝੌਤੇ ਨੂੰ ਸਾਬੋਤਾਜ ਕਰ ਰਿਹਾ ਹੈ, ਤਾਂ ਉਹ ਉਸੇ ਸਮੇਂ ਅਸਤੀਫ਼ਾ ਦੇ ਜਾਂਦੇ ਪਰ ਹੁਣ ਬਰਨਾਲੇ ਕੋਲ ਅਸਤੀਫ਼ਾ ਦੇਣ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਰਹਿ ਗਿਆ। ਦੂਜੇ ਪਾਸੇ ਤਮਾਸ਼ਾ ਇਹ ਹੈ ਕਿ ਬਾਦਲ-ਟੌਹੜਾ-ਅਮਰਿੰਦਰ ਧੜਾ ਵੀ ਪੰਜਾਬ ਸਰਕਾਰ ਉਤੇ ਕਬਜ਼ਾ ਤਾਂ ਕਰ ਲਵੇਗਾ ਪਰ ਇਸਦੀ ਹਾਲਤ ਬਰਨਾਲਾ ਸਰਕਾਰ ਨਾਲੋਂ ਵੀ ਬਦਤਰ ਹੋਵੇਗੀ ਕਿਉਂਕਿ ਜਿਸ ਦਮਦਮੀ ਟਕਸਾਲ, ਸਟੂਡੈਂਟ ਫੈਡਰੇਸ਼ਨ ਤੇ ਅਤਿਵਾਦੀਆਂ ਦੇ ਗੁੱਟਾਂ ਦੇ ਆਸਰੇ ਬਾਦਲ-ਟੌਹੜਾ-ਅਮਰਿੰਦਰ ਤਾਕਤ ਹਥਿਆਉਣ ਉਤੇ ਲੱਗੇ ਹੋਏ ਹਨ — ਇਨ੍ਹਾਂ ਧੜਿਆਂ ਨੇ ਪੈਰ ਇਸ ਤਿੱਖੜੀ ਦੇ ਵੀ ਨਹੀਂ ਲੱਗਣ ਦੇਣੇ।

ਸਿੱਖ ਸਿਆਸਤ ਇਸ ਸਮੇਂ ਏਨੇ ਧੜਿਆਂ ਵਿਚ ਵੰਡੀ ਜਾ ਚੁੱਕੀ ਹੈ ਕਿ ਕੇਂਦਰ ਮਦਾਰੀ ਵਾਂਗ ਇਨ੍ਹਾਂ ਨੂੰ ਨਚਾ ਰਿਹਾ ਹੈ। ਅਤਿਵਾਦੀਆਂ ਦੇ ਕੁਝ ਧੜਿਆਂ ਦੇ ਸਬੰਧ ਕਾਂਗਰਸੀਆਂ ਨਾਲ ਵੀ ਹਨ। ਅਮਰਿੰਦਰ ਸਿੰਘ ਬੇਸ਼ਕ ਕਿੰਨਾ ਅਕਾਲੀ ਬੁਰਕਾ ਪਾ ਲਵੇ ਆਖਰ ਉਹ ਕਾਂਗਰਸੀ ਹੀ ਹੈ। ਬਾਦਲ ਧੜਾ ਨਿਰਭਰ ਹੀ ਕਾਂਗਰਸੀਆਂ ਦੇ ਉਤੇ ਕਰ ਰਿਹਾ ਹੈ। ਸੰਯੁਕਤ ਅਕਾਲੀ ਦਲ ਨੇ ਅੱਜ ਤੱਕ ਕਦੇ ਗਿਆਨੀ ਜ਼ੈਲ ਸਿੰਘ ਬਾਰੇ ਇਕ ਸ਼ਬਦ ਨਹੀਂ ਬੋਲਿਆ। ਇਸ ਲਈ ਇਹ ਲੋਕ ਜਦੋਂ ਬਰਨਾਲਾ ਨੂੰ ਸਰਕਾਰੀ ਅਕਾਲੀ ਦਲ ਆਖਦੇ ਹਨ ਤਾਂ ਅਸਲ ਵਿਚ ਇਹ ਆਪ 'ਸਰਕਾਰੀਏ' ਹੋਣ ਕਰਕੇ ਦੋਸ਼ ਤੋਂ ਮੁਕਤ ਹੋਣ ਦਾ ਢੰਡੋਰਾ ਪਿਟਦੇ ਹਨ।

ਨਵੇਂ ਨਿਯੁਕਤ ਜਥੇਦਾਰਾਂ ਤੋਂ ਇਹ ਸਾਰੀ ਕਾਰਵਾਈ ਬਰਨਾਲਾ ਸਰਕਾਰ ਨੂੰ ਖਤਮ ਕਰਨ ਲਈ ਕਰਵਾਈ ਗਈ ਜਾਪਦੀ ਹੈ ਅਤੇ ਜੇ ਇਹ ਗੱਲ ਸਿਰੇ ਚੜ੍ਹ ਗਈ ਤਾਂ ਅਕਾਲੀ-ਕਾਂਗਰਸੀ ਕੋਲੀਸ਼ਨ ਦਾ ਰਾਹ ਪੱਧਰਾ ਹੋਵੇਗਾ। ਨਾਲ ਹੀ ਗਰਮ-ਦਲੀਆਂ ਦੇ ਚਿਹਰੇ ਮੋਹਰੇ ਹੋਰ ਵੀ ਨੰਗੇ ਹੋਣਗੇ

# ਮੁਹੱਬਤਨਾਮੇ

## ਪੰਜਾਬੀ ਟ੍ਰਿਬਿਊਨ ਵਿਚਲੇ ਪੱਤਰਾਂ ਦੀ ਆਵਾਜ਼ ਵੱਖਵਾਦ ਵਿਰੁੱਧ

ਪਿਆਰੇ ਦਰਸ਼ਨ,

ਤੁਸੀਂ 'ਕੈਨੇਡਾ ਦਰਪਣ' ਦੇ ਪਿਛਲੇ ਅੰਕ ਵਿਚ ਜੋ ਪੰਜਾਬੀ ਟ੍ਰਿਬਿਊਨ ਵਿਚ ਪੰਜਾਬ ਦੇ ਨੌਜੁਆਨਾਂ ਦੇ 'ਪੰਜਾਬ ਸਮਝੌਤੇ' ਬਾਰੇ ਪੱਤਰ ਛਾਪੇ, ਉਸ ਤੋਂ ਇਹ ਸਾਬਤ ਹੁੰਦਾ ਹੈ ਕਿ ਉਨ੍ਹਾਂ ਦੀ ਪੰਜਾਬ ਸਮਝੌਤੇ ਬਾਰੇ ਕੀ ਰਾਏ ਹੈ। ਮੋਟੇ ਤੌਰ ਉਪਰ ਇਹ ਪੱਤਰ ਇਨ੍ਹਾਂ ਵਿਚਾਰਾਂ ਨੂੰ ਸਿਧ ਕਰਦੇ ਹਨ :

(ੳ) ਪੰਜਾਬ ਸਮਝੌਤਾ, ਪੰਜਾਬ ਦੇ ਲੋਕਾਂ ਨੇ ਵੱਡੀ ਬਹੁ ਗਿਣਤੀ ਵਿਚ ਅਕਾਲੀਆਂ ਨੂੰ ਵੋਟਾਂ ਪਾ ਕੇ, ਪਰਵਾਨ ਕੀਤਾ, ਜਿਸ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਸੀ।
(ਅ) ਪੰਜਾਬ ਸਮਝੌਤਾ ਲਾਗੂ ਨਾ ਕਰਨ ਲਈ, ਕੇਂਦਰ ਸਰਕਾਰ ਜ਼ਿਮੇਵਾਰ ਅਤੇ ਕਸੂਰਵਾਰ ਹੈ।
(ੲ) ਪੰਜਾਬ ਸਮਝੌਤਾ ਲਾਗੂ ਨਾ ਕਰਨਾ ਬਰਨਾਲਾ ਸਰਕਾਰ ਨੂੰ ਕਮਜ਼ੋਰ ਕਰਦਾ ਹੈ।
(ਸ) ਸਮਝੌਤਾ ਲਾਗੂ ਨਾ ਕਰਕੇ ਕੇਂਦਰ ਸਰਕਾਰ ਨੇ ਪੰਜਾਬ ਨਾਲ ਵਿਤਕਰਾ ਕੀਤਾ ਹੈ।
(ਹ) ਹਾਲੇ ਵੀ, ਬਿਨਾਂ ਦੇਰੀ ਤੋਂ ਪੰਜਾਬ ਸਮਝੌਤਾ ਲਾਗੂ ਕੀਤਾ ਜਾਣਾ ਚਾਹੀਦਾ ਹੈ।
(ਕ) ਪੰਜਾਬ ਸਮਝੌਤਾ ਲਾਗੂ ਨਾ ਕਰਕੇ ਅਤਿਵਾਦੀਆਂ ਨੂੰ ਤਕੜਾ ਕੀਤਾ ਗਿਆ ਹੈ।
(ਖ) ਇਕ ਦੋ ਪੱਤਰਾਂ ਨੇ ਪੰਜਾਬ ਸਮਝੌਤੇ ਦਾ ਵਿਰੋਧ ਕਰਦਿਆਂ ਸੰਤ ਲੌਂਗੋਵਾਲ ਤੇ ਬਰਨਾਲਾ ਦੀ ਨੁਕਤਾਚੀਨੀ ਕੀਤੀ ਹੈ।
(ਗ) ਕਈ ਪੱਤਰਾਂ ਵਿਚ ਬਾਦਲ, ਟੌਹੜਾ ਆਦਿ ਲੀਡਰਾਂ ਨੂੰ ਕੁਰਸੀ ਦੇ ਭੁੱਖੇ, ਪੰਜਾਬ ਵਿਚ ਬਦਅਮਨੀ ਦੇ ਜ਼ਿਮੇਂਵਾਰ ਠਹਿਰਾਇਆ ਹੈ।
(ਘ) ਕੁਝ ਪੱਤਰਾਂ ਨੇ ਪੰਜਾਬ ਸਮਝੌਤਾ ਬੇਕਾਰ ਹੋ ਗਿਆ ਕਿਹਾ ਹੈ।

ਇਸ ਤਰ੍ਹਾਂ ਇਨ੍ਹਾਂ ਤੋਂ ਜਿਹੜੀ ਗੱਲ ਸਿਧ ਹੁੰਦੀ ਹੈ ਉਹ ਇਹ ਹੈ ਕਿ (1) ਪੰਜਾਬ ਸਮਝੌਤਾ ਹਾਲੇ ਵੀ ਛੇਤੀ ਲਾਗੂ ਕੀਤਾ ਜਾਣਾ ਚਾਹੀਦਾ ਹੈ ਅਤੇ ਪੰਜਾਬ ਵਿਚ ਅਮਨ ਬਹਾਲ ਕਰਨ ਲਈ ਇਹ ਸਹਾਈ ਹੋ ਸਕਦਾ ਹੈ (2) ਪੰਜਾਬ ਸਮਝੌਤਾ ਲਾਗੂ ਨਾ ਕਰਨ ਲਈ ਕੇਂਦਰ ਸਰਕਾਰ ਪੂਰੀ ਤਰ੍ਹਾਂ ਦੋਸ਼ੀ ਹੈ। (3) ਇਕ-ਦੋ ਪੱਤਰਾਂ ਵਿਚ ਅਕਾਲੀ ਸਰਕਾਰ ਤੇ ਪਾਰਟੀ ਨੂੰ ਦੋਸ਼ੀ ਕਰਾਰ ਦਿੱਤਾ ਹੈ ਕਿ ਸਮਝੌਤੇ ਦੇ ਹੋ ਜਾਣ ਤੋਂ ਮਗਰੋਂ ਹੱਥ ਤੇ ਹੱਥ ਧਰ ਕੇ ਨਹੀਂ ਬੈਠਣਾ ਚਾਹੀਦਾ ਸੀ, ਇਸ ਨੂੰ ਲਾਗੂ ਕਰਾਉਣ ਲਈ ਪੰਜਾਬ ਦੇ ਲੋਕਾਂ ਨੂੰ ਲਾਮਬੰਦ ਕਰਕੇ ਦਬਾਓ ਪਾਉਣਾ ਚਾਹੀਦਾ ਸੀ।

ਜਿਹੜੀ ਅਣਕਹੀ ਗੱਲ ਪੱਤਰਾਂ ਵਿਚ ਉਭਰ ਕੇ ਸਾਹਮਣੇ ਆਉਂਦੀ ਹੈ ਉਹ ਇਹ ਹੈ ਕਿ ਪੰਜਾਬ ਦੇ ਲੋਕ ਪੰਜਾਬ ਸਮਝੌਤਾ ਲਾਗੂ ਨਾ ਹੋਣ ਕਾਰਨ ਡਾਢੇ ਗੁੱਸੇ ਵਿਚ ਹਨ, ਪਰ ਕਿਸੇ ਇਕ ਵੀ ਪੱਤਰ ਵਿਚੋਂ ਨਾ ਹੀ ਖਾਲਿਸਤਾਨ ਦੀ ਮੰਗ ਕੀਤੀ ਗਈ ਹੈ ਅਤੇ ਨਾ ਹੀ ਅਤਿਵਾਦੀ ਕਾਰਵਾਈਆਂ ਨੂੰ ਦਰੁਸਤ ਕਰਾਰ ਦਿੱਤਾ ਗਿਆ ਹੈ। ਦੂਜੇ ਸ਼ਬਦਾਂ ਵਿਚ ਪੰਜਾਬ ਦੇ ਲੋਕ ਆਮ ਕਰਕੇ ਹੀ ਸਾਮਰਾਜੀਆਂ ਦੀ ਸ਼ਹਿ ਉਤੇ ਵੱਖਵਾਦੀਆਂ ਨੂੰ ਰੱਦ ਕਰਦੇ ਹਨ, ਜੋ ਕਿ ਪੰਜਾਬ ਦੇ ਲੋਕਾਂ ਨੂੰ, ਬੇਗੁਨਾਹ-ਕਤਲਾਂ ਦੇ ਅਤੰਕ ਦੇ ਭੈ ਹੇਠ ਆਪਣੀ ਵੱਖਵਾਦੀ ਸੋਚ ਮੜ੍ਹਨ ਲਈ ਗੈਰ ਮਨੁੱਖੀ ਅਮਲ ਕਰ ਰਹੇ ਹਨ।

ਇਥੇ ਇਹ ਗੱਲ ਸਪੱਸ਼ਟ ਕਰਨੀ ਵੀ ਬੇਜੋੜ ਨਹੀਂ ਹੋਵੇਗੀ ਕਿ ਵੱਖਵਾਦੀਆਂ ਨੂੰ ਪੰਜਾਬ ਦੇ ਲੋਕਾਂ ਵਿਚੋਂ ਰਾਜਨੀਤਕ ਤੌਰ ਉਪਰ ਨਿਖੇੜਨ ਲਈ ਦੋਵੇਂ ਕਮਿਊਨਿਸਟ ਪਾਰਟੀਆਂ ਇਕੱਠਿਆਂ ਮਿਲ ਕੇ ਅਤੇ ਆਪਣੇ ਆਪਣੇ ਤੌਰ ਤੇ ਵੱਖੋ ਵੱਖ ਜੋ ਨਿਰੰਤਰ ਮੁਹਿਮ ਚਲਾ ਰਹੀਆਂ ਹਨ, ਉਸ ਨੇ ਪੰਜਾਬ ਦੇ ਲੋਕਾਂ ਵਿਚ ਪੰਜਾਬੀਆਂ ਦੀਆਂ ਸਾਂਝੀਆਂ ਮਿਲਵਰਤੋਂ ਅਤੇ ਭਾਈਚਾਰਕ ਸਦਭਾਵਨਾਵਾਂ ਨੂੰ ਜਿਉਂਦਿਆਂ ਰਖਿਆ ਹੈ। ਪੰਜਾਬ ਵਿਚ ਹਿੰਦੂ ਅਤੇ ਸਿੱਖ ਜਨੂੰਨੀ ਟੋਲਿਆਂ ਨੇ ਹਿੰਦੂ-ਸਿੱਖ ਲੋਕਾਂ ਨੂੰ 1947 ਵਿਚ ਆਪਸ ਵਿਚ ਲੜਾਉਣ ਦੀਆਂ ਸਾਰੀਆਂ ਸਾਜ਼ਸ਼ਾਂ ਨੂੰ ਫੇਲ੍ਹ ਕਰ ਦਿੱਤਾ ਹੈ।

ਦਸੰਬਰ 1986 ਦੇ ਤੀਜੇ ਹਫਤੇ ਸੰਗਰੂਰ ਵਿਚ, ਪੰਜਾਬ ਕਿਸਾਨ ਸਭਾ ਦੀ ਗੋਲਡਨ ਜੁਬਲੀ ਕਾਨਫਰੰਸ ਅਤੇ ਰੈਲੀ ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਵਖਵਾਦੀਆਂ ਦੇ ਵਿਰੁੱਧ ਦ੍ਰਿੜ੍ਹਤਾ ਨਾਲ ਜੁੜਕੇ ਖੜ੍ਹੇ ਹਨ ਅਤੇ ਆਪਣੇ ਘੋਲ ਨੂੰ ਪੰਜਾਬੀ ਲੋਕਾਂ ਦੀ ਏਕਤਾ ਲਈ, ਦੇਸ਼ ਦੀ ਅਖੰਡਤਾ ਲਈ ਅਤੇ ਵੱਖਵਾਦੀਆਂ ਨੂੰ ਨਿਖੇੜਨ ਲਈ ਜਾਰੀ ਰਖ ਰਹੇ ਹਨ। ਕਿਸਾਨ ਸਭਾ ਦੀ ਇਸ ਕਾਨਫਰੰਸ ਦੇ ਅੰਤ ਉਤੇ ਕੀਤੀ ਰੈਲੀ ਵਿਚ 60,000 ਦੇ ਕਰੀਬ ਲੋਕ ਸਾਰੇ ਪੰਜਾਬ ਭਰ ਵਿਚੋਂ ਸ਼ਾਮਲ ਹੋਏ। ਹੋਰ ਹਜ਼ਾਰਾਂ ਜੋ ਨਹੀਂ ਆ ਸਕੇ ਉਨ੍ਹਾਂ ਫੰਡ ਦੇ ਕੇ ਅਤੇ ਆਪਣੀਆਂ ਹਮਦਰਦੀਆਂ ਦੇ ਨਾਲ ਵੱਖਵਾਦ ਦੇ ਵਿਰੁਧ ਆਪਣੀ ਇਕਮੁੱਠਤਾ ਦਰਸਾਈ।

ਪੰਜਾਬ ਵਿਚ ਵੱਖਵਾਦ ਵਿਰੁਧ ਏਡੀ ਵੱਡੀ ਕਿਸਾਨ ਸਭਾ ਦੀ ਰੈਲੀ ਬਾਰੇ ਸਾਰੇ ਦੇਸ਼ ਦੇ ਅਖਬਾਰਾਂ ਅਤੇ ਪੰਜਾਬ ਦੇ ਅਖਬਾਰਾਂ ਨੇ ਮੁੱਖ ਸਫਿਆਂ ਉਪਰ ਰੀਪੋਰਟਾਂ ਛਾਪੀਆਂ। ਪ੍ਰੰਤੂ ਦੁਖ ਦੀ ਗੱਲ ਇਹ ਕਿ ਅਜੀਤ ਅਤੇ ਅਕਾਲੀ ਪੱਤਰਕਾ ਨੇ ਇਸ ਬਾਰੇ ਇਕ ਵੀ ਸ਼ਬਦ ਨਹੀਂ ਲਿਖਿਆ ਜਿਵੇਂ ਕਿ ਪੰਜਾਬ ਵਿਚ ਕੁਝ ਹੋਇਆ ਹੀ ਨਹੀਂ। ਪਰ ਹਾਂ, ਇਨ੍ਹਾਂ ਦੋਵੇਂ ਅਖਬਾਰਾਂ ਨੇ ਅਤਿਵਾਦੀਆਂ ਦੀ ਕਤਲੋ ਗਾਰਤ ਬਾਰੇ ਸਾਈਕਲ ਚੋਰੀ ਹੋਣ ਬਾਰੇ, ਬਲਾਤਕਾਰ ਬਾਰੇ ਅਤੇ ਹੋਰ ਬੇਮਤਲਬ ਖਬਰਾਂ ਲਈ ਜ਼ਰੂਰ ਚੋਖਾ ਕਾਗਜ਼ ਕਾਲਾ ਕੀਤਾ। ਇਸ ਦਾ ਅਰਥ ਇਹ ਹੋਇਆ ਕਿ ਅਜੀਤ ਅਤੇ ਅਕਾਲੀ ਪੱਤਰਕਾ ਨਹੀਂ ਚਾਹੁੰਦੇ ਕਿ ਵੱਖਵਾਦੀਆਂ ਵਿਰੁੱਧ ਕਿਸੇ ਲਾਮਬੰਦੀ ਨੂੰ ਉਤਸ਼ਾਹਤ ਕੀਤਾ ਜਾਵੇ।

ਜਿਸ ਤਰ੍ਹਾਂ ਕਿਸਾਨੀ ਕਮਿਊਨਿਸਟਾਂ ਦੀ ਅਗਵਾਈ ਵਿਚ ਆਪਣੀਆਂ ਆਰਥਕ ਮੰਗਾਂ ਨੂੰ ਲੈ ਕੇ ਅਤੇ ਵੱਖਵਾਦ ਵਿਰੁਧ ਦਲੇਰੀ ਧਾਰ ਕੇ ਉਠ ਖੜੀ ਹੋਈ ਹੈ, ਉਹ ਇਹ ਭਰੋਸਾ ਦੁਆਉਂਦੀ ਹੈ ਕਿ ਅਕਾਲੀ ਪਾਰਟੀ ਦਾ ਕਿਸਾਨੀ ਵਿਚੋਂ ਆਧਾਰ ਖੁਰਨ ਲਗ ਪਿਆ ਹੈ ਅਤੇ ਆਉਂਦੇ ਸਾਲਾਂ ਵਿਚ ਕਮਿਊਨਿਸਟ ਆਪਣੇ ਤੌਰ ਉਪਰ ਤਕੜੇ ਹੋ ਕੇ ਨਿਕਲਣਗੇ ਵੱਖਵਾਦ ਉਪਰ ਪੰਜਾਬੀਆਂ ਦੀ ਏਕਤਾ ਦੀ ਜਿੱਤ ਦੇ ਮੁਰੈਲ ਸਿਧ ਹੋਣਗੇ

ਵੱਖਵਾਦੀਆਂ ਵਿਰੁੱਧ ਘੋਲ ਵਿਚ ਅਕਾਲੀ ਪਾਰਟੀ ਅਤੇ ਕਾਂਗਰਸ ਪਾਰਟੀ ਦੋਵੇਂ ਹੀ ਚੁੱਪ ਹਨ। ਦੋਵੇਂ ਹੀ ਗੱਦੀਆਂ ਲਈ ਗੰਢਾਂ ਤੋੜਾਂ ਵਿਚ ਰੁੱਝੇ ਹੋਏ ਹਨ। ਦੋਵੇਂ ਪਾਰਟੀਆਂ ਹੀ ਪੰਜਾਬ ਅਤੇ ਕੇਂਦਰ ਵਿਚ ਹਾਕਮ ਪਾਰਟੀਆਂ ਹਨ, ਜੋ ਕਿ ਇਸ ਪਾਸੇ ਵਧੇਰੇ ਕੁਝ ਕਰ ਸਕਦੀਆਂ ਸਨ, ਪ੍ਰੰਤੂ ਆਪਣੇ ਨਿਜੀ ਸੁਆਰਥਾਂ ਵਿਚ ਆਪਣੀਆਂ ਦੇਸ਼ ਭਗਤ ਜ਼ਿਮੇਵਾਰੀਆਂ ਭੁੱਲ ਚੁੱਕੀਆਂ ਹਨ।

ਬਾਦਲ-ਟੌਹੜਾ ਧੜਾ ਵੱਖਵਾਦੀਆਂ ਦੇ ਨਾਲ ਮੋਢੇ ਨਾਲ ਮੋਢਾ ਵੀ ਜੋੜ ਕੇ ਤੁਰ ਰਹੇ ਹਨ ਅਤੇ ਨਾਲ ਹੀ ਭਾਰਤ ਦੀ ਅਖੰਡਤਾ ਦੀਆਂ ਗੱਲਾਂ ਵੀ ਕਰ ਰਹੇ ਹਨ। ਕੁਕੜ ਬੋਲਦਾ ਹੈ, ਕੁਕੜ ਨਹੀਂ ਵੀ ਬੋਲਦਾ ਵਾਲੀ ਗੱਲ ਕਰ ਰਹੇ ਹਨ। ਕਾਂਗਰਸ ਨਾਲ ਗੱਦੀ ਵਾਸਤੇ ਅੰਦਰਖਾਤੇ ਘਾੜਤਾਂ ਵੀ ਘੜ ਰਹੇ ਹਨ।

ਆਖਰ ਵਿਚ ਮੈਂ ਇਹੋ ਹੀ ਕਹਿਣਾ ਚਾਹੁੰਦਾ ਹਾਂ ਕਿ ਕੈਨੇਡਾ ਦਰਪਣ ਪਾਠਕਾਂ ਨੂੰ ਪੰਜਾਬ ਬਾਰੇ ਦਰੁਸਤ ਤਸਵੀਰ ਪੇਸ਼ ਕਰ ਰਿਹਾ ਹੈ। ਇਥੋਂ ਦੇ ਜਨੂੰਨੀ ਅਖਬਾਰਾਂ ਦੇ ਝੂਠ ਦੇ ਗੋਲੇ, ਹੁਣ ਉਹ ਅਸਰ ਨਹੀਂ ਕਰ ਰਹੇ ਕਿ ਲੋਕਾਂ ਵਿਚ ਭੁਲੇਖੇ ਪੈਦਾ ਕਰਕੇ ਗੁੰਮਰਾਹ ਕਰ ਸਕਣ।

ਮੈਂ ਤੁਹਾਨੂੰ ਕੈਨੇਡਾ ਦਰਪਣ ਦੇ ਦੇਸ਼ ਭਗਤਕ, ਪੰਜਾਬੀਆਂ ਦੀ ਏਕਤਾ ਉਸਾਰਨ ਲਈ ਕੀਤੇ ਯਤਨਾਂ ਅਤੇ ਪੰਜਾਬੀਆਂ ਦੇ ਦੁਸ਼ਮਣਾਂ ਨੂੰ ਨੰਗਿਆ ਕਰਕੇ ਖਰੀਆਂ ਖਰੀਆਂ ਸੁਣਾਉਣ ਲਈ ਮੁਬਾਰਕ ਦਿੰਦਾ ਹਾਂ। ਪੰਜਾਬੀ ਟ੍ਰਿਬਿਊਨ ਦੇ ਪੱਤਰਾਂ ਨੂੰ ਛਾਪ ਕੇ ਜੋ ਤੁਸੀਂ ਦਰਸਾ ਦਿੱਤਾ ਹੈ ਕਿ ਪੰਜਾਬੀ ਲੋਕ ਆਮ ਕਰਕੇ ਵੱਖਵਾਦ ਦੇ ਵਿਰੋਧੀ ਹਨ, ਇਸ ਲਈ ਵੀ ਤੁਹਾਡੀ ਪ੍ਰਸ਼ੰਸਾ ਕੀਤੇ ਬਿਨਾਂ ਨਹੀਂ ਰਹਿ ਸਕਦਾ।

ਆਪਦਾ ਸ਼ੁਭਚਿੰਤਕ
'ਸੂਫ਼ੀ' ਅਮਰਜੀਤ

---

ਸੰਪਾਦਕ ਜੀ,

ਯਾਦ-ਸਲਾਮ!

ਕੈਨੇਡਾ ਦਰਪਣ ਨੂੰ ਦੋ ਲਿਖਤਾਂ ਘੱਲ ਰਿਹਾ ਹਾਂ। ਇਕ ਕਹਾਣੀ ਜੋ

ਬਾਕੀ ਪੰਨਾ 5 'ਤੇ

Immigration and Citizenship Matters
JAMES SUE & COMPANY
Immigration Advocates

- Filing a successful application for immigrant visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters

For help contact :
BABU JIM NARAIN of James, Sue & Company who was 18 years of experience on Immigration and Citizenship matters with top Immigration Lawyers.

ਸਪੈਸ਼ਲ ਅਨਾਊਂਸਮੈਂਟ
ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੈਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ!

Evening Office :
433-4685

#210 - 535 W. 10th Ave. Vancouver, B.C.
Tel: Off. 873-9441

ਪੰਨਾ 4 ਦੀ ਬਾਕੀ

ਲੰਮੀ ਹੋਵੇ ਤਾਂ ਦੋ ਕਿਸ਼ਤਾਂ 'ਚ ਛਾਪ ਲੈਣਾ। ਖੈਰ ਤੁਸੀਂ ਜ਼ਿਆਦਾ ਠੀਕ ਨਿਰਣਾ ਕਰ ਸਕਦੇ ਹੋ।

ਮੈਂ ਜੁਲਾਈ 'ਚ ਵੈਨਕੂਵਰ ਆਵਾਂਗਾ। ਸਾਥੀਆਂ ਨੂੰ ਯਾਦ।

ਤੁਹਾਡਾ ਸਾਥੀ

ਰਘਬੀਰ ਢੰਡ, ਇੰਗਲੈਂਡ।

## ਕੈਨੇਡਾ ਦਰਪਣ ਮਿਲ ਰਿਹਾ ਹੈ

ਸਤਿਕਾਰਯੋਗ ਐਡੀਟਰ ਕੈਨੇਡਾ ਦਰਪਣ

ਸਤਿ ਸ੍ਰੀ ਅਕਾਲ। ਸਭ ਤੋਂ ਪਹਿਲਾਂ ਆਪ ਜੀ ਨੂੰ ਨਵੇਂ ਸਾਲ ਦੀ ਮੁਬਾਰਕ ਦੇਂਦਾ ਹਾਂ ਅਤੇ ਇਹ ਪੜ੍ਹ ਕੇ ਅਤਿਅੰਤ ਖੁਸ਼ੀ ਹੋਈ ਕਿ ਆਪ ਜੀ ਨੂੰ ਸਰੀ ਕੌਂਸਲ ਵਲੋਂ ਸਰੀ ਲਾਇਬਰੇਰੀ ਬੋਰਡ ਦੇ ਮੈਂਬਰ ਨਿਯੁਕਤ ਕੀਤਾ ਗਿਆ ਹੈ। ਬਾਕੀ ਆਪ ਜੀ ਵੱਲੋਂ ਕੈਨੇਡਾ ਦਰਪਣ ਮਿਲ ਰਿਹਾ ਹੈ ਮੈਂ ਰੰਗ ਤਰੰਗ ਸਾਹਿਤ ਸਭਾ ਵਲੋਂ ਆਪਜੀ ਦਾ ਬਹੁਤ ਧੰਨਵਾਦੀ ਹਾਂ। ਆਪਜੀ ਨੂੰ ਸਭਾ ਦੇ ਮੈਂਬਰਾਂ ਦੀਆਂ ਰਚਨਾਵਾਂ ਭੇਜ ਰਿਹਾ ਹਾਂ।

ਸੁਧਾਈ ਕਰਨ ਦਾ ਵਕਤ ਨਹੀਂ ਮਿਲ ਸਕਿਆ ਮੁਆਫੀ ਚਾਹੁੰਦਾ ਹਾਂ। ਆਪ ਜੀ ਨੇ ਮੁਨਾਸਿਬ ਸਮਝਿਆ ਤਾਂ ਛਾਪਣ ਦੀ ਕਿਰਪਾਲਤਾ ਕਰਨੀ।

ਰੰਗ ਤਰੰਗ ਸਾਹਿਤ ਸਭਾ ਸੁਕੈਮਿਸ਼ ਵਲੋਂ ਅਸੀਂ ਆਪ ਜੀ ਅਤੇ ਕੈਨੇਡਾ ਦਰਪਣ ਲਈ ਸ਼ੁਭ ਕਾਮਨਾਵਾਂ ਭੇਜਦੇ ਹਾਂ।

ਆਪਜੀ ਦਾ ਸ਼ੁਭਚਿੰਤਕ

ਸ਼ਮਸ਼ੇਰ ਸਿੰਘ ਕੰਗ,

ਸੈਕਟਰੀ ਰੰਗ ਤਰੰਗ ਸਾਹਿਤ ਸਭਾ ਸੁਕੈਮਿਸ਼।

## ਵੱਧ ਤੋਂ ਵੱਧ ਖਬਰਾਂ ਅਤੇ ਸਾਹਿਤ ਪਾਠਕਾਂ ਤੱਕ ਪਹੁੰਚਾਉਂਦੇ ਹੋ

ਸਤਿਕਾਰਯੋਗ ਸੰਪਾਦਕ ਜੀ,

ਆਪ ਨੂੰ ਅਤੇ ਸਾਰੇ ਮਿੱਤਰਾਂ ਦੋਸਤਾਂ ਨੂੰ ਪਿਆਰ ਸਹਿਤ ਸਤਿ ਸ੍ਰੀ ਅਕਾਲ। ਕੈਨੇਡਾ ਦਰਪਣ ਦੀ ਸਦਾ ਚੜ੍ਹਦੀ ਕਲਾ ਲੋਚਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਆਪ ਜੀ ਦੇ ਪੇਪਰ ਨੂੰ ਪ੍ਰਮਾਤਮਾ ਹੋਰ ਵੀ ਚਾਰ ਚੰਨ ਲਾਵੇ ਅਤੇ ਆਪ ਵੱਧ ਤੋਂ ਵੱਧ ਖਬਰਾਂ, ਸਾਹਿਤ ਅਤੇ ਹੋਰ ਜਾਣਕਾਰੀ ਪਾਠਕਾਂ ਤੱਕ ਪਹੁੰਚਾ ਸਕੋ। ਮੈਂ ਆਪ ਨੂੰ ਦੋ ਰਚਨਾਵਾਂ ਭੇਜ ਰਿਹਾ ਹਾਂ। ਕਈ ਕਾਰਨਾਂ ਕਰਕੇ ਕਾਫੀ ਚਿਰ ਭੇਜ ਨਹੀਂ ਸਕਿਆ। ਸਿਖ ਕੌਮ ਨੇ ਪਿਛਲੇ ਪੰਜ ਛੇ ਸਾਲ ਤੋਂ ਬਹੁਤ ਦੁੱਖ ਤਕਲੀਫਾਂ ਦਾ ਸਾਹਮਣਾ ਕੀਤਾ ਹੈ। ਪਰ ਇਹ ਸਾਡੀਆਂ ਹੀ ਗਲਤੀਆਂ ਦਾ ਫਲ ਹੈ। ਅਖੀਰ ਵਿਚ ਆਪ ਜੀ ਨੂੰ ਤੇ ਸਾਰੇ ਸਟਾਫ ਮੈਂਬਰਾਂ ਨੂੰ ਸਤਿ ਸ੍ਰੀ ਅਕਾਲ।

ਜਗਦੀਸ਼ ਸਿੰਘ ਡਾਬਲਾ, ਕਲੋਨਾ।

# ਸੀਆਟਲ ਗੁਰੂ ਘਰ ਦੀਆਂ ਚੋਣਾਂ ਬਾਰੇ 'ਰਣਜੀਤ' ਵਲੋਂ ਗਲਤ ਬਿਆਨੀ

## ਭਾਗ ਸਿੰਘ ਖੇਲਾ ਦਾ ਦੋਸ਼

16 ਜਨਵਰੀ 1987 ਦੇ ਰਣਜੀਤ ਪੇਪਰ ਵਿਚ ਸਫਾ 3 ਤੇ "ਸੀਆਟਲ ਗੁਰੂ ਘਰ ਵਿਚ ਸਿੱਖਾਂ ਦੀ ਜਿੱਤ" ਦੀ ਖਬਰ ਪੜ੍ਹ ਕੇ ਸੀਆਟਲ ਦੀਆਂ ਸੰਗਤਾਂ ਨੂੰ ਬਹੁਤ ਦੁਖ ਹੋਇਆ ਹੈ ਕਿਉਂਕਿ 'ਰਣਜੀਤ' ਦੀ ਇਸ ਖਬਰ ਮੁਤਾਬਕ ਜੋ ਚੋਣਾਂ ਹਾਰ ਗਏ ਹਨ ਕੀ ਉਹ ਸਿੱਖ ਨਹੀਂ ਹਨ? ਜੇ ਅਗਰ ਰਣਜੀਤ ਪੇਪਰ ਇਹ ਵਿਸਥਾਰ ਨਾਲ ਵੇਰਵਾ ਦਿੰਦਾ ਤਾਂ ਕੋਈ ਦੁਖ ਨਹੀਂ ਸੀ। ਇਸਦੇ ਨਾਲ ਹੀ ਇਕ ਧੜੇ ਨੂੰ ਕਾਬਜ਼ ਤੇ ਇਕ ਨੂੰ ਸ਼ਰਧਾਲੂ ਕਰਾਰ ਦਿੰਦਾ ਹੈ। ਇਨ੍ਹਾਂ ਖਬਰਾਂ ਤੋਂ ਲਗਦਾ ਹੈ ਕਿ ਸੀਆਟਲ ਦੀ ਸੰਗਤ ਵਿਚ ਫੁੱਟ ਪਾਉਣ ਦਾ ਸੇਹਰਾ ਰਣਜੀਤ ਪੇਪਰ ਦੇ ਸਿਰ ਹੈ।

ਸਾਬਕਾ ਕਮੇਟੀ ਜਿਸਦੇ ਪ੍ਰਧਾਨ ਸ੍ਰ. ਭਾਗ ਸਿੰਘ ਖੇਲਾ ਸਨ, ਦੀ ਸਲੈਕਸ਼ਨ ਗੁਰਮਰਿਯਾਦਾ ਅਨੁਸਾਰ ਹੋਈ। ਜਿਸਨੂੰ ਕਿ ਰਣਜੀਤ ਦੇ ਵਿਸ਼ੇਸ਼ ਪ੍ਰਤੀਨਿਧੀ ਨੇ ਕਾਬਜ਼ ਧੜਾ ਕਰਾਰ ਦਿੱਤਾ ਹੈ।

1986 ਵਿਚ ਸ੍ਰ. ਭਾਗ ਸਿੰਘ ਖੇਲਾ ਤੇ ਇਕ ਗੁਰਸਿੱਖ ਦੇ ਉਦਮ ਨਾਲ ਸਾਰੀ ਸੰਗਤ ਨੂੰ ਇਕੱਠਿਆਂ ਕੀਤਾ,

ਮੁਕੱਦਮੇ ਵਾਪਸ ਲਏ ਗਏ ਤੇ ਗੁਰਦੁਆਰਾ ਸਾਹਿਬ ਦੀਆਂ ਬਕਾਇਦਾ ਪੇਮੈਂਟਾਂ ਦਿਤੀਆਂ ਗਈਆਂ। ਹੇਠ ਲਿਖੀਆਂ ਸੇਵਾਵਾਂ ਕੀਤੀਆਂ ਗਈਆਂ:

(1)ਬੇਸਮਿੰਟ ਰੀਮੌਡਲ ਕੀਤੀ।

(2) ਗਟਰ ਤਬਦੀਲ ਕੀਤੇ ਤੇ ਨਵਾਂ ਪੇਂਟ ਕੀਤਾ।

(3) ਕਿਚਨ ਤੇ ਸਾਵਰ ਲਵਾਇਆ ਗਿਆ।

(4) ਹਰ ਐਤਵਾਰ ਬੱਚਿਆਂ ਲਈ ਪੰਜਾਬੀ ਦੀ ਕਲਾਸ ਦਾ ਇੰਤਜ਼ਾਮ ਕੀਤਾ ਗਿਆ।

ਅਗਸਤ 1986 ਵਿਚ 15,000 ਡਾਲਰ ਦੀ ਲੰਪਸੰਮ ਪੇਮੈਂਟ ਕੀਤੀ ਗਈ ਤੇ ਚਾਰਜ ਦੇਣ ਦੇ ਸਮੇਂ ਗੁਰੂ ਘਰ ਦੇ ਅਕਾਊਂਟ ਵਿਚ 16,000 ਤੋਂ ਉਪਰ ਮਾਇਆ ਜਮ੍ਹਾਂ ਸੀ।

ਹਰ ਹਫਤੇ ਗੁਰਦੁਆਰਾ ਸਾਹਿਬ ਵਿਖੇ ਵਧੀਆ ਰਾਗੀ ਜੱਥਿਆਂ ਦਾ ਇੰਤਜ਼ਾਮ ਕੀਤਾ ਜਿਸ ਦੁਆਰਾ ਗੁਰਬਾਣੀ ਦਾ ਪ੍ਰਚਾਰ ਕੀਤਾ ਗਿਆ।

ਉਪਰੋਕਤ ਵੇਰਵੇ ਦੀ ਤਸਦੀਕ ਸਿਖ ਸੁਸਾਇਟੀ ਆਫ ਸੀਐਟਲ ਦੀ ਰੀਕਾਰਡ ਤੋਂ ਕੀਤੀ ਜਾ ਸਕਦੀ ਹੈ

'ਰਣਜੀਤ' ਦੇ ਐਡੀਟਰ ਦੀ ਸ੍ਰ.ਭਾਗ ਸਿੰਘ ਖੇਲਾ ਸਾਬਕਾ ਪ੍ਰਧਾਨ ਨਾਲ ਚੋਣਾਂ ਤੋਂ ਪਹਿਲਾਂ ਫੋਨ ਤੇ ਗੱਲਬਾਤ ਹੋਈ ਜਿਸ ਵਿਚ ਸਾਰੇ ਪਹਿਲੂ ਜਿਸ ਤਰ੍ਹਾਂ ਕਿ,ਇਕ ਮੈਂਬਰ ਨੂੰ ਗੁਰਦੁਆਰਾ ਸਾਹਿਬ ਵਿਚ ਆਉਣ ਤੋਂ ਆਰਜ਼ੀ ਤੌਰ ਤੇ ਚਿੱਠੀ ਰਾਹੀਂ ਰੋਕਿਆ ਗਿਆ। ਜਿਸ ਦਾ ਕਾਰਣ ਇਹ ਸੀ ਕਿ ਉਸ ਮੈਂਬਰ ਤੇ ਉਸਦੇ ਸਾਥੀਆਂ ਨੇ ਸੰਗਤ ਦੀ ਸ਼ਾਂਤੀ ਬਾਰ ਬਾਰ ਭੰਗ ਕੀਤੀ ਸੀ। ਜਿਸ ਤਰ੍ਹਾਂ ਕਿ ਟੈਲੀਫੂਨ ਚੱਕ ਕੇ ਲਕੋ ਦਿੱਤਾ ਗਿਆ ਤੇ ਸਾਬਕਾ ਕਮੇਟੀ ਦੇ ਮੈਂਬਰਾਂ ਨੂੰ ਧਮਕੀਆਂ ਦਿੱਤੀਆਂ ਗਈਆਂ। ਇਸਦੇ ਬਾਵਜੂਦ ਰਣਜੀਤ ਨੇ ਇਨ੍ਹਾਂ ਖਬਰਾਂ ਵਿਚ ਸੱਚੀ ਗੱਲ ਨੂੰ ਛੁਪਾਉਣ ਦੀ ਕੋਸ਼ਿਸ ਕੀਤੀ।

ਇਸ ਖਬਰ ਵਿਚ ਕਿ ਚੋਣਾਂ ਵਿਚ ਸਰਕਾਰੀ ਮਸ਼ੀਨਰੀ ਕੰਮ ਕਰ ਰਹੀ ਸੀ ਦਾ ਜਵਾਬ ਰਣਜੀਤ ਦਾ ਐਡੀਟਰ ਆਪ ਹੀ ਦੇ ਸਕਦਾ ਹੈ।

ਰਣਜੀਤ ਦੇ ਅੰਕ 16 ਜਨਵਰੀ ਅਨੁਸਾਰ ਕਿ "ਸਿਆਟਲ ਗੁਰੂਘਰ ਵਿਚ ਕਾਬਜ਼ ਧੜੇ ਵਲੋਂ ਬੇਨਿਯਮੀਆਂ ਦੇ ਬਾਵਜੂਦ ਸ਼ਰਧਾਲੂਆਂ ਦੀ ਜਿੱਤ ਹੋ ਗਈ"ਤੇ ਜਨਵਰੀ 30 ਦੇ ਅੰਕ ਵਿਚ ਦੋਨਾਂ ਧੜਿਆਂ ਨੂੰ ਵਧਾਈ ਦਿਤੀ ਹੈ ਕਿ ਇਲੈਕਸ਼ਨ ਸ਼ਾਂਤੀ ਪੂਰਬਕ ਹੋਈ। ਸੰਵਿਧਾਨ ਦੇ ਮੁਤਾਬਕ ਵੋਟਰ ਲਿਸਟ ਜੋਕਿ ਦੋਹਾਂ ਧੜਿਆਂ ਵਲੋਂ ਮਨਜ਼ੂਰ ਕੀਤੀ ਗਈ ਸੀ।

ਵਿਚ ਕੁਝ ਨੌਨ-ਸਿਖ ਵੋਟਾਂ ਬਣੀਆਂ ਸਨ। ਉਸਦਾ ਇਹ ਜਾਇਜ਼ਾ ਲਾਉਣਾ ਕਿ ਵੋਟਾਂ ਇਕ ਧੜੇ ਨੂੰ ਹੀ ਪਈਆਂ ਹਨ। ਗਲਤ ਹੀ ਨਹੀਂ ਅਸੰਭਵ ਹੈ। ਹਾਰ ਜਾਂ ਜਿੱਤ ਦਾ ਸਾਨੂੰ ਕੋਈ ਗਿਲਾ ਨਹੀਂ ਹੈ। ਗੁਰੂਘਰ ਧਰਮ ਪ੍ਰਚਾਰ ਵਾਸਤੇ ਬਣਾਏ ਜਾਂਦੇ ਹਨ ਤੇ ਧਰਮ ਪਰਚਾਰ ਲਈ ਇਸਤੇਮਾਲ ਹੋਣੇ ਚਾਹੀਦੇ ਹਨ।

ਭਾਗ ਸਿੰਘ ਖੇਲਾ

Bhag Singh khela

cc.Ranjit
6566 Main St.
Vancouver B.C. V5X 369


# Rokko Sarees & Fabrics

**6201-6205 Fraser St., Vancouver, B.C. V5W 3A2**

**Tel: (604) 327-3033**

# ਰੋਕੋ ਸਾੜ੍ਹੀਜ਼ ਹਫ਼ਤੇ ਦੇ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ

## ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ

# ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ



ROKKO SAREES

## ਰੋਕੋ ਸਾੜ੍ਹੀਜ਼ ਐਂਡ ਫੈਬਰਿਕਸ

IMPORTERS • MANUFACTURERS REPRESENTATIVES • EXPORTERS

# ਬਾਬੂ ਜਿਮ ਨਾਰਾਇਣ

# ਕੈਲਗਰੀ ਤੇ ਐਡਮਿੰਟਨ ਵਿਚ ਪਹੁੰਚ ਰਹੇ ਹਨ

#210 - 535 W. 10th Ave. Vancouver, B.C. **Tel: Off. 873-9441**

## ਖਾਸ ਗੱਲਾਂ :

ਹੁਣੇ ਹੁਣੇ ਲੋਕ ਸਭਾ ਦੀ ਇਮੀਗਰੇਸ਼ਨ ਬਾਰੇ ਸਟੈਂਡਿੰਗ ਕਮੇਟੀ ਦੇ ਚੇਅਰਮੈਨ ਨੇ 59 ਸਿਫਾਰਸ਼ਾਂ ਕੀਤੀਆਂ ਹਨ ।

ਪ੍ਰੀਵਾਰਾਂ ਦੇ ਮਿਲਾਪ ਅਤੇ ਹੋਰ ਮਹੱਤਵਪੂਰਨ ਮਸਲੇ ਜਿਨ੍ਹਾਂ ਕਰਕੇ ਲੋਕਾਂ ਦੇ ਕੇਸ ਪ੍ਰਵਾਨ ਹੁੰਦੇ ਹਨ ।

ਸਰਕਾਰ ਦਾ ਇਨ੍ਹਾਂ ਸਿਫਾਰਸ਼ਾਂ ਬਾਂਰੇ ਹੁੰਗਾਰਾ ਬਹੁਤ ਵਧੀਆ ਹੈ ।

## ਨਵੀਆਂ ਤਬਦੀਲੀਆਂ :—

1. ਕੈਨੇਡਾ ਵਿਚ ਰਹਿੰਦਿਆਂ ਜੇ ਪ੍ਰੀਵਾਰ ਦੀ ਚਿੱਠੀ ਭਰਦੇ ਹੋ ਤਾਂ ਤੁਹਾਡੇ ਕਾਗਜ਼ ਪੱਤਰ ਠੀਕ ਸਬੂਤ ਹੋਣ, ਨੌਕਰੀ ਤਸੱਲੀਬਖਸ਼ ਹੋਵੇ ਤਾਂ ਇੰਟਰਵੀਊ ਤੋਂ ਬਿਨਾਂ ਵੀ ਕੇਸ ਤੇਜ਼ੀ ਨਾਲ ਪਾਸ ਹੋ ਸਕਦਾ ਹੈ ।
2. ਚਿੱਠੀ ਭਰਨ ਵਾਲੇ, ਰਿਸ਼ਤੇਦਾਰਾਂ ਨੂੰ ਫੈਮਲੀ ਪੈਕਿਜ ਬਾਰੇ ਪੈਂਫਲਿਟ ਭੇਜ ਸਕਦੇ ਹਨ ।
3. ਅਜਿਹੇ ਪੈਕੇਜ ਬਾਰੇ ਵਿਦੇਸ਼ਾਂ ਦੇ ਕਿਸੇ ਵੀ ਇਮੀਗਰੇਸ਼ਨ ਦਫਤਰ ਤੋਂ ਜਾਣਕਾਰੀ ਮਿਲ ਸਕਦੀ ਹੈ ।
4. ਵਿਦੇਸ਼ਾਂ ਵਿਚਲੇ ਅਫਸਰ ਤੁਹਾਡੇ ਬੀਵੀ ਬੱਚਿਆਂ ਨੂੰ ਅਰਜ਼ੀ ਤੋਂ ਇਨਕਾਰ ਨਹੀਂ ਕਰ ਸਕਦੇ ਜੇ ਤੁਸੀਂ ਨੌਕਰੀ ਯਾਫਤਾ ਹੋ ।
5. ਉਨ੍ਹਾਂ ਮਾਪਿਆਂ ਦੇ ਕੈਨੇਡਾ ਵਿਚ ਦਾਖਲੇ ਨੂੰ ਜੇ ਸਰੀਰਕ ਬੀਮਾਰੀ ਕਰਕੇ ਰੋਕ ਦਿੱਤਾ ਗਿਆ ਹੋਵੇ, ਤਾਂ ਤੁਸੀਂ ਆਪਣੇ ਖਰਚੇ ਤੇ ਜ਼ਿੰਮੇਵਾਰੀ ਲੈ ਸਕਦੇ ਹੋ ।
6. ਰਿਸ਼ਤੇਦਾਰੀ ਸਿੱਧ ਕਰਨ ਲਈ ਅਫਸਰ ਤੁਹਾਡੇ ਵਲੋਂ ਦਿਤੇ ਗਏ ਹਲਫੀਆ ਬਿਆਨ ਸਰਪੰਚ ਜਾਂ ਪਾਦਰੀ ਜਾਂ ਤੁਹਾਡੀ ਪਤੀ ਜਾਂ ਪਤਨੀ ਵਲੋਂ ਸਹੀ ਮੰਨਿਆ ਜਾਵੇਗਾ ।
7. ਵਿਦੇਸ਼ਾਂ ਵਿਚਲੇ ਇਮੀਗਰੇਸ਼ਨ ਅਫਸਰਾਂ ਨੂੰ ਆਰਜ਼ੀ ਕਾਰਵਾਈ ਤੇ ਨਵੇਂ ਕਾਨੂੰਨਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਉਤਸਾਹਿਤ ਕੀਤਾ ਜਾਵੇਗਾ ।

## ਪ੍ਰੀਵਾਰਾਂ ਦੇ ਮੈਂਬਰਾਂ ਬਾਰੇ ਪਹਿਲ :—

- ਹੁਣ ਤੁਸੀਂ ਕੈਨੇਡਾ ਵਿਚ ਹੇਠ ਲਿਖੇ ਰਿਸ਼ਤੇਦਾਰਾਂ ਜਿਵੇਂ — ਅੰਕਲ, ਅੰਟੀ, ਭਤੀਜੇ, ਭਾਣਜੇ, ਭਤੀਜੀਆਂ, ਭਾਣਜੀਆਂ ਅਤੇ ਪੋਤਰੇ ਦੋਹਤੇ ਦੋਹਤੀਆਂ ਤੇ ਪੋਤਰੀਆਂ ਨੂੰ ਮੰਗਵਾ ਸਕਦੇ ਹੋ ।
- ਜੇ ਤੁਹਾਡੇ ਭੈਣ ਜਾਂ ਭਰਾ 21 ਸਾਲ ਤੋਂ ਵੱਡੇ ਹੋ ਗਏ ਹੋਣ (ਅਣਵਿਆਹੇ ਚਾਹੇ ਵਿਆਹੇ) ਉਹ ਹੁਣ ਕੈਨੇਡਾ ਵਿਚ ਸਬੰਧੀਆਂ ਦੇ ਸੈਕਸ਼ਨ ਅਧੀਨ ਪ੍ਰਵਾਨਿਤ ਹੋ ਸਕਦੇ ਹਨ ।

### ਹੋਰ ਜਾਣਕਾਰੀ ਲਈ ਮਿਲੋ :

**ਕੈਲਗਰੀ ਵਿਚ :**

**Relax Inn**
**2750 - Sunridge Blvd. N.E. Calgary —**

**Ph. 291-1260**

**ਫ਼ਰਵਰੀ 14, 1987 ਦਿਨ ਸ਼ਨਿਚਰਵਾਰ**

**10 ਵਜੇ ਸਵੇਰ ਤੋਂ 5 ਵਜੇ ਸ਼ਾਮ ਤੱਕ**

**ਐਡਮਿੰਟਨ ਵਿਚ :**

**Relax Inn**
**10320 - 45th Ave. Edmonton**

**Ph. 436-9770**

**ਫ਼ਰਵਰੀ 15, 1987, ਦਿਨ ਐਤਵਾਰ**

**10 ਵਜੇ ਸਵੇਰ ਤੋਂ 5 ਵਜੇ ਸ਼ਾਮ ਤੱਕ**

# ਇਕ ਡਾਕਟਰ ਸਮੇਤ ਕਈ ਕਤਲ

ਅੰਮ੍ਰਿਤਸਰ — ਅੰਮ੍ਰਿਤਸਰ ਦੇ ਪਿੰਡ ਚੋਵਿੰਡਾ ਦੇਵੀ 'ਚ 2 ਫਰਵਰੀ ਨੂੰ ਅਤਿਵਾਦੀਆਂ ਨੇ ਗੋਲੀਆਂ ਮਾਰ ਕੇ ਇਕ ਡਾਕਟਰ ਨੂੰ ਕਤਲ ਕਰ ਦਿੱਤਾ। ਦੋ ਹੋਰ ਵਿਅਕਤੀ ਜ਼ਖਮੀ ਹੋ ਗਏ।

ਖਬਰਾਂ ਅਨੁਸਾਰ ਡਾ. ਕੁਲਦੀਪ ਸਿੰਘ ਬੇਦੀ ਆਪਣੇ ਕਲੀਨਿਕ ਵਿਚ ਬੈਠਾ ਸੀ। ਹਥਿਆਰਬੰਦ ਵਿਅਕਤੀਆਂ ਨੇ ਕਲੀਨਿਕ 'ਚ ਵੜ ਕੇ ਅੰਧਾ ਧੁੰਧ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਨਾਲ ਡਾ. ਦੀ ਥਾਂ 'ਤੇ ਮੌਤ ਹੋ ਗਈ। ਜ਼ਖਮੀ ਵਿਅਕਤੀਆਂ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਹੈ।

ਫਗਵਾੜੇ 'ਚ ਇਕ ਦੁਕਾਨਦਾਰ ਦੇ ਕਤਲ ਤੋਂ ਬਾਅਦ ਸ਼ਹਿਰ ਦੇ ਕੁਝ ਇਲਾਕਿਆਂ ਵਿਚ ਕਰਫਿਊ ਲਾਉਣਾ ਪਿਆ। ਸ਼ਹਿਰ ਦੀਆਂ ਵਿਦਿਅਕ ਸੰਸਥਾਵਾਂ ਅਣਮਿਥੇ ਸਮੇਂ ਲਈ ਬੰਦ ਕਰ ਦਿੱਤੀਆਂ ਗਈਆਂ ਹਨ।

ਪਿਛਲੇ ਹਫਤੇ ਪੰਜਾਬ 'ਚ ਹੋਰ ਵੀ ਕਈ ਹਿੰਸਕ ਵਾਰਦਾਤਾਂ ਹੋਣ ਦੀ ਖਬਰ ਮਿਲੀ ਹੈ। 3 ਫਰਵਰੀ ਨੂੰ ਪੰਜਾਬ 'ਚ 2 ਵਿਅਕਤੀ ਅਤਿਵਾਦੀਆਂ ਹੱਥੋਂ ਮਾਰੇ ਗਏ।

2 ਫਰਵਰੀ ਨੂੰ ਰੋਪੜ ਜ਼ਿਲੇ 'ਚ ਦੋ ਦੁਕਾਨਦਾਰਾਂ ਦੇ ਕਤਲ ਹੋਣ ਦੀ ਵੀ ਖਬਰ ਮਿਲੀ ਹੈ।

# ਸੀ ਆਈ ਏ ਦਾ ਨਵਾਂ ਮੁਖੀ ਨਿਯੁਕਤ

ਵਾਸ਼ਿੰਗਟਨ — ਅਮਰੀਕਾ ਦੀ ਸੀ ਆਈ ਏ ਦੇ ਡਾਇਰੈਕਟਰ ਵਿਲੀਅਮ ਕੇਸੀ ਦਾ ਅਸਤੀਫਾ ਪ੍ਰਵਾਨ ਕਰ ਲਿਆ ਗਿਆ ਹੈ ਅਤੇ ਉਸ ਦੀ ਥਾਂ ਰੌਬਰਟ ਗੇਟ ਨੂੰ ਨਿਯੁਕਤ ਕੀਤਾ ਜਾ ਰਿਹਾ ਹੈ।

ਕੇਸੀ ਨੂੰ ਦਿਮਾਗ ਦੇ ਫੋੜੇ ਦੇ ਅਪਰੇਸ਼ਨ ਲਈ 15 ਦਸੰਬਰ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਸੀ। ਰਾਜਨੀਤਕ ਸੂਤਰਾਂ ਦਾ ਵਿਚਾਰ ਹੈ ਕਿ ਪ੍ਰਧਾਨ ਰੀਗਨ ਨੂੰ ਪਤਾ ਸੀ ਕਿ ਕੇਸੀ ਹੁਣ ਪੂਰੀ ਤਰ੍ਹਾਂ ਕੰਮ ਕਰਨ ਦੇ ਕਾਬਲ ਨਹੀਂ ਇਸ ਕਰਕੇ ਉਹਨੂੰ ਅਹੁਦੇ ਤੋਂ ਲਾਂਭੇ ਕੀਤਾ ਗਿਆ ਹੈ।

43 ਸਾਲਾ ਰੌਬਰਟ ਗੇਟ ਦੇ ਡਾਇਰੈਕਟਰ ਬਣਨ ਦੀ ਸੂਰਤ ਵਿਚ ਉਹ ਸਭ ਤੋਂ ਘੱਟ ਉਮਰ ਦਾ ਡਾਇਰੈਕਟਰ ਹੋਵੇਗਾ।

# ਵੈਨਕੂਵਰ 'ਚ ਪੁਲੀਸ ਅਫਸਰ ਕਤਲ



ਵੈਨਕੂਵਰ — ਕੁਕੀਨ ਦੇ ਇਕ ਵਪਾਰੀ ਹੱਥੋਂ ਇਕ ਪੁਲੀਸ ਵਾਲੇ ਦੇ ਮਰਨ ਅਤੇ ਇਕ ਦੇ ਜ਼ਖਮੀ ਹੋਣ ਦੀ ਖਬਰ ਮਿਲੀ ਹੈ। ਬਾਅਦ ਵਿਚ ਉਹ ਵਿਅਕਤੀ ਵੀ ਪੁਲੀਸ ਦੀ ਗੋਲੀ ਦਾ ਸ਼ਿਕਾਰ ਹੋ ਗਿਆ।

ਕੁਕੀਨ ਦੀ ਸੂਹ ਮਿਲਣ 'ਤੇ ਪੁਲੀਸ ਨੇ ਜੌਹਨ ਸ਼ੀਫਰਡ ਦੇ ਘਰ ਨੂੰ ਘੇਰ ਲਿਆ। ਉਹ ਇਕ ਬੇਸਮਿੰਟ ਵਿਚ ਰਹਿੰਦਾ ਸੀ। ਜਦ ਸਾਰਜੰਟ ਲੈਰੀ ਜੰਗ ਅਤੇ ਕਾਰਪੋਰੋਲ ਕੇਟਲੀ ਅੰਦਰ ਦਾਖਲ ਹੋਣ ਲੱਗੇ ਤਾਂ ਉਸ ਵਿਅਕਤੀ ਨੇ ਗੋਲੀ ਚਲਾ ਦਿੱਤੀ। ਸਾਰਜੰਟ ਲੈਰੀ ਜੰਗ ਨੂੰ ਹਸਪਤਾਲ ਪਹੁੰਚਾਇਆ ਗਿਆ, ਜਿਥੇ ਉਸ ਦੀ ਮੌਤ ਹੋ ਗਈ।

ਬਾਅਦ ਵਿਚ ਕੁਕੀਨ ਦਾ ਵਪਾਰੀ ਸ਼ੀਫਰਡ ਵੀ ਪੁਲੀਸ ਦੀ ਗੋਲੀ ਦਾ ਸ਼ਿਕਾਰ ਹੋ ਗਿਆ।

ਪਿਛਲੇ 25 ਸਾਲਾਂ ਵਿਚ ਵੈਨਕੂਵਰ 'ਚ ਪਹਿਲੀ ਵਾਰੀ ਕਿਸੇ ਪੁਲੀਸ ਵਾਲੇ ਦਾ ਡਿਊਟੀ 'ਤੇ ਕਤਲ ਹੋਇਆ ਹੈ। ਸਾਲ 1987 'ਚ ਆਰ ਸੀ ਐਮ ਪੀ ਦਾ ਦੂਜਾ ਅਫਸਰ ਗੋਲੀ ਦਾ ਸ਼ਿਕਾਰ ਹੋਇਆ। ਪਿਛਲੇ ਮਹੀਨੇ ਇਕ ਪੁਲੀਸ ਵਾਲਾ ਕੈਲਗਰੀ 'ਚ ਇਕ ਲੁਟੇਰੇ ਹੱਥੋਂ ਮਾਰਿਆ ਗਿਆ ਸੀ।

# ਹੋਟਲ ਨੂੰ ਅੱਗ : 18 ਹਲਾਕ

ਕੋਸ਼ਿੰਗ — ਤੈਵਾਨ ਦੇ ਦੱਖਣੀ ਹਿੱਸੇ 'ਚ ਸਥਿਤ ਕੋਸ਼ਿੰਗ ਸ਼ਹਿਰ ਦੇ ਇਕ ਹੋਟਲ 'ਚ ਅੱਗ ਲੱਗਣ ਨਾਲ 18 ਵਿਅਕਤੀ ਮਰ ਗਏ ਅਤੇ ਕਈ ਹੋਰ ਜ਼ਖਮੀ ਹੋ ਗਏ।

8 ਹੋਰ ਵਿਅਕਤੀਆਂ ਦੀ ਹਾਲਤ ਗੰਭੀਰ ਦੱਸੀ ਗਈ ਹੈ। ਚਾਰ ਮੰਜ਼ਲੇ ਇਸ ਹੋਟਲ ਦੀਆਂ ਉਪਰਲੀਆਂ ਦੋ ਮੰਜ਼ਲਾਂ 'ਤੇ ਇਹ ਮੌਤਾਂ ਧੂੰਆਂ ਹੋਣ ਕਰਕੇ ਸਾਹ ਘੁੱਟਣ ਨਾਲ ਹੋਈਆਂ।

ਚੀਨ ਦੇ ਨਵੇਂ ਸਾਲ ਦੇ ਦਿਹਾੜੇ 'ਤੇ ਇਹ ਲੋਕ ਇਥੇ ਇਕੱਠੇ ਹੋਏ ਸਨ। ਪੁਲੀਸ ਸੂਤਰਾਂ ਅਨੁਸਾਰ ਹੋਰ ਕਈ ਵਿਅਕਤੀ ਬਾਰੀਆਂ ਰਾਹੀਂ ਬਾਹਰ ਛਾਲਾਂ ਮਾਰਨ ਕਰਕੇ ਜ਼ਖਮੀ ਹੋਏ ਹਨ।

# 28 ਵਿਅਕਤੀ ਰੁੜ੍ਹ ਗਏ

ਮਾਸਕੋ — ਸੋਵੀਅਤ ਖਬਰ ਏਜੰਸੀ ਤਾਸ ਅਨੁਸਾਰ ਜਾਰਜੀਆ ਰਾਜ ਵਿਚ ਭਾਰੀ ਮੀਂਹ ਅਤੇ ਬਰਫ ਦੇ ਪਿਘਲਣ ਨਾਲ ਹੜ੍ਹ ਆਉਣ 'ਤੇ ਘੱਟੋ ਘੱਟ 28 ਵਿਅਕਤੀ ਮਰ ਗਏ। ਛੇ ਹਜ਼ਾਰ ਵਿਅਕਤੀ ਘਰੋਂ ਬੇਘਰ ਹੋ ਗਏ।

ਇਹ ਤਬਾਹੀ ਰਾਇਨੀ ਦਰਿਆ 'ਚ ਭਾਰੀ ਹੜ੍ਹ ਹੋਣ ਕਰਕੇ ਹੋਈ ਹੈ ਹੜ੍ਹ ਪੀੜ੍ਹਤਾਂ ਦੀ ਪੂਰੀ ਸਹਾਇਤਾ ਕੀਤੀ ਜਾ ਰਹੀ ਹੈ।

# ਪ੍ਰਸਿੱਧ ਗਾਇਕ ਜਗਤ ਸਿੰਘ ਜੱਗਾ ਦੀ ਪਤਨੀ ਸਵਰਗਵਾਸ

ਸ੍ਰੀ ਦਲਜੀਤ ਕਲਿਆਣਪੁਰੀ ਹੋਰਾਂ ਦੀ ਸੂਚਨਾ ਅਨੁਸਾਰ ਪੰਜਾਬ ਦੇ ਪ੍ਰਸਿੱਧ ਗਾਇਕ ਜਗਤ ਸਿੰਘ ਜੱਗਾ ਦੀ ਪਤਨੀ ਸ੍ਰੀਮਤੀ ਚੰਨਣ ਕੌਰ ਜੱਗਾ 4 ਜਨਵਰੀ ਨੂੰ ਜਲੰਧਰ ਵਿਚ ਸਵਰਗਵਾਸ ਹੋ ਗਏ ਹਨ। ਸ੍ਰੀਮਤੀ ਚੰਨਣ ਕੌਰ ਜੱਗਾ 55 ਵਰ੍ਹਿਆਂ ਦੇ ਸਨ।

ਜਗਤ ਸਿੰਘ ਜੱਗਾ ਨੇ ਆਪਣੀ ਪਤਨੀ ਦੇ ਨਾਂ 'ਤੇ ਜਲੰਧਰ ਵਿਚ ਚੰਨਣਪੁਰੀ ਨਾਂ ਦੀ ਕਾਲੋਨੀ ਵੀ ਸਥਾਪਤ ਕੀਤੀ ਹੋਈ ਹੈ। ਯਾਦ ਰਹੇ ਕਿ ਜਗਤ ਸਿੰਘ ਜੱਗਾ ਦਲਜੀਤ ਕਲਿਆਣਪੁਰੀ ਹੋਰਾਂ ਦੇ ਉਸਤਾਦ ਹਨ। ਉਨ੍ਹਾਂ ਦੇ ਦੱਸਣ ਅਨੁਸਾਰ ਜਦੋਂ ਉਹ 1985 ਵਿਚ ਗਏ ਤਾਂ ਸਾਰੇ ਟੂਰਾਂ ਉਤੇ ਜੱਗਾ ਤੇ ਉਨ੍ਹਾਂ ਦੀ ਪਤਨੀ ਨਾਲ ਰਹੇ। ਕਲਿਆਣਪੁਰੀ ਹੋਰਾਂ ਦੱਸਿਆ ਕਿ ਵਾਪਸੀ ਸਮੇਂ ਸ੍ਰੀਮਤੀ ਜੱਗਾ ਦਿੱਲੀ ਤੱਕ ਉਨ੍ਹਾਂ ਨੂੰ ਛੱਡਣ ਆਏ।

ਦਲਜੀਤ ਕਲਿਆਣਪੁਰੀ ਹੋਰਾਂ ਭਰੇ ਗਲੇ ਨਾਲ ਕਿਹਾ ਕਿ ਉਨ੍ਹਾਂ ਦੇ ਪ੍ਰਵਾਰ ਅਤੇ ਹੋਰ ਜਾਣਕਾਰਾਂ ਨੂੰ ਜਗਤ ਸਿੰਘ ਜੱਗਾ ਦੀ ਪਤਨੀ ਦੇ ਸਵਰਗਵਾਸ ਹੋਣ ਉਤੇ ਡੂੰਘਾ ਸਦਮਾ ਪੁਜਾ ਹੈ।

Makanji
JEWELLERS LTD.

Largest 22Kt Gold Jewellery
Manufacturers and Retailers
In North America
Vancouver ■ Tornoto

Custom Made 22 Kt Gold Jewellery
6644 Main St., Vancouver, B.C. V5X 3H3
(604) 324-7646
Tornoto (416) 469-0505
Free 1-800-663-MASA (B.C. & Alberta)
Vancouver Gold Line (604) 324-6696
1448 Gerrard St., East, Toronto, Ontario, CANADA M4L 1Z8

# ਸਿਆਸੀ ਵਿਅੰਗ



## ਗੁਰਨਾਮ ਸਿੰਘ ਤੀਰ

### ਰੇਡੀਓ 'ਤੇ ਸਵੱਈਏ

ਪਿਛਲੇ ਹਫਤੇ ਚਾਚਾ ਚੰਡੀਗੜ੍ਹੀਆ ਨੂੰ ਪੱਟੀ ਸਬ ਡਿਵੀਜ਼ਨ ਦੇ ਇਕ ਪਿੰਡ ਵਿਚ ਜਾਣ ਦਾ ਮੌਕਾ ਮਿਲਿਆ। ਚਾਚਾ ਵੇਖ ਰਿਹਾ ਸੀ ਕਿਸਰਹੱਦ ਉਤੇ ਵਸਣ ਵਾਲੇ ਲੋਕ ਕਿਸ ਤਰ੍ਹਾਂ ਜ਼ਿੰਦਗੀ ਗੁਜ਼ਾਰਦੇ ਹਨ। ਤੁਰੇ ਜਾਂਦੇ ਚਾਚੇ ਨੂੰ ਇਕ ਜੱਟ ਨੇ ਆਵਾਜ਼ ਮਾਰੀ ਤੇ ਕਹਿਣ"ਸਰਦਾਰ ਸਾਹਿਬ ਕਿਧਰੇ ਜੰਗ ਤਾਂ ਨਹੀਂ ਲੱਗਣ ਵਾਲੀ ?"

ਚਾਚਾ ਕੁਝ ਹੈਰਾਨ ਹੋ ਕੇ ਕਹਿਣ ਲੱਗਾ,"ਐਸੀ ਤਾਂ ਕੋਈ ਗੱਲ ਨਹੀਂ। ਦੋਹਾਂ ਦੇਸ਼ਾਂ ਦੀਆਂ ਫੌਜਾਂ ਵਾਲੇ ਕਈ ਵਾਰ ਅਭਿਆਸ ਕਰਦੇ ਰਹਿੰਦੇ ਹਨ। ਲੜਾਈ ਦਾ ਕੋਈ ਕਾਰਨ ਵੀ ਨਹੀਂ। ਅਸੀਂ ਤਾਂ ਦੁਨੀਆਂ ਵਿਚ ਅਮਨ ਚਾਹੁਣ ਵਾਲੇ ਲੋਕਾਂ ਦੀ ਕੌਮ ਹਾਂ। ਅਸੀਂ ਕਾਹਤੋਂ ਕਿਸੇ ਨਾਲ ਲੜਨਾ ਹੋਇਆ ? ਖਾਹ-ਮਖਾਹ ਅਫਵਾਹਾਂ ਸੁਣ ਕੇ ਨਾ ਘਬਰਾਇਆ ਕਰੋ।"

ਗੱਲਾਂ ਕਰਨ ਵਾਲਾ ਜੱਟ ਕਹਿਣ ਲੱਗਾ, "ਤੁਸੀਂ ਮੇਰੀ ਗੱਲ ਸਮਝੇ ਨਹੀਂ। ਮੈਂ ਜਦੋਂ ਸਵੇਰੇ ਸਵੇਰੇ ਰੇਡੀਓ ਸੁਣਦਾ ਹਾਂ ਤਦ ਰੇਡੀਓ ਉਤੇ ਕਈ ਵਾਰ ਗੁਰੂ ਸਾਹਿਬ ਦੇ ਸਵੱਈਏ ਵੱਜ ਰਹੇ ਹੁੰਦੇ ਹਨ। ਇਹ ਉਦੋਂ ਹੀ ਵੱਜਿਆ ਕਰਦੇ ਹਨ ਜਦੋਂ ਜੰਗ ਲੱਗੀ ਹੋਵੇ ਜਾਂ ਲੱਗਣ ਵਾਲੀ ਹੋਵੇ ਕਿਸੇ ਕਿਸਮ ਦੀਆਂ ਫੌਜਾਂ ਵੇਖ ਕੇ ਨਹੀਂ, ਸਵੱਈਏ ਸੁਣ ਕੇ ਮੈਨੂੰ ਸ਼ੱਕ ਪਿਆ ਹੈ ਕਿ ਸ਼ਾਇਦ ਹੁਣ ਕੋਈ ਖੜਕਾ ਦੜਕਾ ਹੋਵੇ ਬਾਕੀ ਤੁਸੀਂ ਪੜ੍ਹੇ ਲਿਖੇ ਲੋਕ ਵਧੇਰੇ ਜਾਣਦੇ ਹੋਵੋਗੇ ਕਿ ਮੇਰਾ ਵਹਿਮ ਸੱਚਾ ਕਿ ਝੂਠਾ ?"

### ਲੋੜ ਹੈ ਸਖਤ ਮੁੱਖ ਮੰਤਰੀ ਦੀ

ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਕਈ ਵਾਰ ਅਜਿਹੀਆਂ ਭੋਲੀਆਂ—ਭਾਲੀਆਂ ਗੱਲਾਂ ਕਰਦੇ ਹਨ ਕਿ ਮੱਲੋ ਮੱਲੀ ਉਨ੍ਹਾਂ ਦਾ ਮੂੰਹ ਚੁੰਮਣ ਨੂੰ ਜੀਅ ਕਰਦਾ ਹੈ।

ਪੰਜਾਬ ਸਮੱਸਿਆ ਬਾਰੇ ਜਿੰਨੇ ਬਿਆਨ ਉਨ੍ਹਾਂ ਨੇ ਅੱਜ ਤਕ ਦਿੱਤੇ ਹਨ,ਜੇ ਉਨ੍ਹਾਂ ਨੂੰ ਇਕੱਠੇ ਕਰ ਲਿਆ ਜਾਵੇ ਤਦ ਹਾਸ—ਵਿਅੰਗ ਦੀ ਇਕ ਵਧੀਆ ਪੁਸਤਕ ਬਣ ਜਾਂਦੀ ਹੈ

ਹੁਣ ਉਨ੍ਹਾਂ ਦਾ ਨਵਾਂ ਬਿਆਨ ਇਹ ਆਇਆ ਹੈ ਕਿ ਪੰਜਾਬ ਦਾ ਮੁਖ ਮੰਤਰੀ ਸਖਤ ਹੋਣਾ ਚਾਹੀਦਾ ਹੈ। ਸਖਤ ਤੋਂ ਉਨ੍ਹਾਂ ਦਾ ਭਾਵ ਸ਼ਾਇਦ ਇਹ ਹੋਵੇ ਕਿ ਕੋਈ ਐਸਾ ਮੁਖ ਮੰਤਰੀ ਹੋਵੇ ਜੋ ਚੰਗੀ ਕੁੱਟ ਚਾੜ੍ਹ ਸਕੇ।

ਪੰਜਾਬ ਦੇ ਹੋ ਚੁੱਕੇ ਮੁਖ ਮੰਤਰੀਆਂ ਵੱਲ ਝਾਤ ਮਾਰੀ ਜਾਏ ਤਾਂ ਸ੍ਰੀ ਰਜੀਵ ਗਾਂਧੀ ਦੇ ਕੁਝ—ਕੁਝ ਅਰਥ ਸਮਝ ਆਉਂਦੇ ਹਨ। ਉਨ੍ਹਾਂ ਦਾ ਮਤਲਬ ਸ਼ਾਇਦ ਇਹ ਹੈ ਕਿ ਪੰਜਾਬ ਲਈ ਕੈਰੋਂ ਵਰਗਾ ਮੁਖ ਮੰਤਰੀ ਚਾਹੀਦਾ ਹੈ। ਪਰ ਉਹ ਇਸ ਗੱਲ ਨੂੰ ਭੁੱਲ ਜਾਂਦੇ ਹਨ ਕਿ ਸ. ਪ੍ਰਤਾਪ ਸਿੰਘ ਕੈਰੋਂ ਵੇਲੇ ਪੰਜਾਬ ਵਿਚ ਕਿੰਨਾ ਅਮਨ ਚੈਨ ਸੀ। ਅਕਾਲੀਆਂ ਨੇ ਤੇ ਹਿੰਦੀ ਭਾਸ਼ਾ ਦੇ ਰਖਵਾਲਿਆਂ ਨੇ 2-3 ਐਜ਼ੀਟੇਸ਼ਨਾਂ ਕੀਤੀਆਂ ਤੇ ਉਹ ਪੁਰਅਮਨ ਸਨ। ਅੱਜ ਕੱਲ੍ਹ ਵਾਂਗ ਬੰਦੇ ਨਹੀਂ ਸਨ ਮਰਦੇ। ਕੈਰੋਂ ਸਾਹਿਬ ਵੀ ਹੁਣ ਜਿਉਂਦੇ ਹੁੰਦੇ ਤਾਂ ਉਨ੍ਹਾਂ ਨੇ ਬੂ—ਪਾਹਰਿਆਂ ਕਰ ਕੇ ਕਹਿਣਾ ਸੀ,"ਦਿੱਲੀ ਦੇ ਕਾਕਿਉ! ਨਿਰੀ ਕੁੱਟ—ਮਾਰ ਨਾਲ ਹੀ ਗੱਲ ਨਹੀਂ ਬਣਦੀ। ਕੁਝ ਇਨਸਾਫ ਕਰਨਾ ਵੀ ਸਿੱਖੋ। ਜੇ ਪੰਜਾਬ ਸਮਝੌਤੇ 'ਤੇ ਦਸਤਖਤ ਕੀਤੇ ਸਨ ਤਾਂ ਇਸ 'ਤੇ ਅਮਲ ਵੀ ਕਰਨਾ ਸੀ।

ਇਹ ਵੀ ਸੁਣਨ ਵਿਚ ਆਇਆ ਹੈ ਕਿਸਾਬਕਾ ਮੁਖ ਮੰਤਰੀ ਸ੍ਰੀ ਦਰਬਾਰਾ ਸਾਹਿਬ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਬਿਆਨ ਦੀ ਇਸ ਖਿਆਲ ਨਾਲ ਸ਼ਲਾਘਾ ਕੀਤੀ ਹੈ ਕਿ ਜੇ ਪੰਜਾਬੀਆਂ ਨੂੰ ਖੜਕਾਉਣ ਦਾ ਹੀ ਪ੍ਰੋਗਰਾਮ ਹੈ ਤਾਂ ਇਹ ਸੇਵਾ ਮੈਨੂੰ ਬਖਸ਼ੀ ਜਾਵੇ। ਪਰ ਪ੍ਰਧਾਨ ਮੰਤਰੀ ਦੀ ਮੁਸੀਬਤ ਇਹ ਹੈ ਕਿ ਉਹ 30 ਕਾਂਗਰਸੀਆਂ ਨੂੰ 130 ਕਾਂਗਰਸੀ ਐਮ.ਐਲ.ਏਜ਼ ਨਹੀਂ ਬਣਾ ਸਕਦੇ,ਵਰਨਾ ਸ੍ਰੀ ਦਰਬਾਰਾ ਸਿੰਘ ਦੀ ਇੱਛਾ ਪੂਰੀ ਹੋ ਜਾਣੀ ਸੀ।

### ਰਾਸ਼ਟਰਪਤੀ ਦਾ ਮਨ ਉਚਾਟ

ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਸਿਖ ਕੌਮ ਵਿਚ ਪੈਦਾ ਹੋਣ ਦੇ ਬਾਵਜੂਦ ਦਿਮਾਗ ਤੋਂ ਕੰਮ ਲੈਂਦੇ ਹਨ। ਉਨ੍ਹਾਂ ਨੂੰ ਬੜਾ ਸੁਲਝਿਆ ਸਿਆਸਤਦਾਨ ਮੰਨਿਆ ਗਿਆ ਹੈ। ਆਪਣੇ ਵਿਰੋਧੀਆਂ ਦਾ ਧੋਬੀ ਪਟੜਾ ਲਾਉਣਾ ਹੋਵੇ ਤਾਂ ਹੱਸਦਿਆਂ ਹੱਸਦਿਆਂ ਹੀ ਕੰਡਾ ਕੱਢ ਕੇ ਰੱਖ ਦਿੰਦੇ ਹਨ।

ਪਤਾ ਨਹੀਂ ਕਿਉਂ,ਅੱਜ ਗਿਆਨੀ ਜੀ ਦਾ ਮਨ ਕੁਝ ਉਚਾਟ ਹੋ ਗਿਆ ਹੈ। ਉਨ੍ਹਾਂ ਨੂੰ ਜੇਲ੍ਹ ਤੇ ਰਾਸ਼ਟਰਪਤੀ ਭਵਨ ਵਿਚਕਾਰ ਤੁਲਨਾ ਕਰਦਿਆਂ ਸਾਧਾਰਣ ਜਿਹਾ ਫਰਕ ਨਜ਼ਰ ਆਉਂਦਾ ਹੈ। ਉਨ੍ਹਾਂ ਨੇ ਇਕ ਥਾਂ ਕਿਹਾ,"ਰਾਸ਼ਟਰਪਤੀ ਭਵਨ ਵਿਚ ਇਹੋ ਫਰਕ ਹੈ ਕਿ ਇਥੇ ਰਹਿਣ ਲਈ ਬਹੁਤ ਸਾਰੇ ਕਮਰੇ ਹਨ ਤੇ ਪੁਲੀਸ ਵਾਲੇ,ਜਦੋਂ ਇਧਰੋਂ—ਉਧਰ ਨਿਕਲਦੇ ਹਾਂ,ਮੈਨੂੰ ਪੱਬਾਂ ਭਾਰ ਹੋ ਕੇ ਸਲੂਟ ਮਾਰਦੇ ਹਨ। ਜੇਲ੍ਹ ਵਿਚ ਸਲੂਟ ਘੱਟ ਵੱਜਦੇ ਹਨ।"

ਗਿਆਨੀ ਜ਼ੈਲ ਸਿੰਘ ਜੀ ਦੇ ਬਤੌਰ ਰਾਸ਼ਟਰਪਤੀ 6-7 ਮਹੀਨੇ ਰਹਿ ਗਏ ਹਨ। ਉਹ ਜੇ ਪੰਜ ਸਾਲ ਹੋਰ ਰਾਸ਼ਟਰਪਤੀ ਬਣਿਆ ਰਹਿਣਾ ਚਾਹੁਣ ਤਦ ਉਨ੍ਹਾਂ ਨੂੰ ਕੋਈ ਰੋਕ ਨਹੀਂ ਸਕਦਾ। ਪਰ ਉਨ੍ਹਾਂ ਦਾ ਮਨ ਭਰ ਗਿਆ ਹੈ। ਉਹ ਮਹਿਸੂਸ ਕਰਦੇ ਹਨ ਕਿ ਦੇਸ਼ ਦੀ ਸਭ ਤੋਂ ਵੱਡੀ ਪਦਵੀ ਪ੍ਰਾਪਤ ਕਰ ਕੇ ਵੀ ਮਨ ਨਿਰਵਾਣ ਵੱਲ ਕਿਉਂ ਭੱਜਦਾ ਹੈ ?

ਵੇਖਿਆ ਜਾਵੇ ਤਾਂ ਗਿਆਨੀ ਜੀ ਨਿਰਵਾਣ ਤਾਂ ਉਸੇ ਦਿਨ ਪ੍ਰਾਪਤ ਕਰ ਗਏ ਸਨ ਜਦੋਂ ਉਹ ਚੰਡੀਗੜ੍ਹ ਨੂੰ ਛੱਡ ਕੇ ਦਿੱਲੀ ਪੁੱਜੇ ਸਨ। ਚੰਡੀਗੜ੍ਹ ਵਿਚ ਮਿਲਣ—ਗਿਲਣ ਵਾਲੇ ਮਿੱਤਰ ਖੁਦ ਨਿਰਵਾਣ ਪ੍ਰਾਪਤ ਕਰ ਗਏ। ਨਾ ਰਹੇ ਉਹ ਦਿਨ ਤੇ ਨਾ ਰਹੀਆਂ ਉਹ ਰਾਤਾਂ ਜਦੋਂ ਸੱਜਣਾਂ ਨਾਲ ਦਿਲ ਦੀਆਂ ਗੱਲਾਂ ਹੋਇਆ ਕਰਦੀਆਂ ਸਨ। ਹੁਣ ਤਾਂ ਨਾ ਦਿਲ,ਦਿਲ ਰਹੇ ਤੇ ਨਾ ਸੱਜਣ,ਸੱਜਣ ਰਹੇ। ਗਿਆਨੀ ਜੀ ਗਿਣ ਗਿਣ ਕੇ ਦਿਨ ਕੱਟਦੇ ਹਨ ਕਿ ਇਹ ਸ਼ਾਹੀ ਕਿਲ੍ਹੇ ਵਿਚੋਂ ਕਿਸ ਦਿਨ ਰਿਹਾਈ ਹੋਵੇਗੀ। ਉਹ ਨਾਲ ਇਹ ਵੀ ਸੋਚਦੇ ਹੋਣਗੇ ਕਿ ਇਥੋਂ ਛੁੱਟੀ ਪਾ ਜਾਣ ਪਿਛੋਂ ਬਾਕੀ ਦੀ ਜ਼ਿੰਦਗੀ ਕਿਹੜੇ ਸ਼ਹਿਰ ਜਾਂ ਨਗਰ ਵਿਚ ਗੁਜ਼ਾਰਨੀ ਹੈ ਜੇ ਉਹ ਵਤਨ ਦਾ ਪਿਆਰ ਕਰਦੇ ਹੋਣ ਤਾਂ ਉਨ੍ਹਾਂ ਨੂੰ ਆਪਣੇ ਪਿੰਡ ਸੰਧਵੀਂ ਮੁੜ ਆਉਣਾ ਚਾਹੀਦਾ ਹੈ ਜਿੱਥੇ ਬੈਠ ਕੇ ਉਹ ਸਾਰੇ ਸੱਜਣਾਂ—ਮਿੱਤਰਾਂ ਨੂੰ ਮਿਲ ਸਕਿਆ ਕਰਨਗੇ।

### ਪੰਜਾਬੋਂ ਬਾਹਰਲੇ ਸਿੱਖਾਂ ਦਾ ਮਸਲਾ

ਕੁਝ ਦਿਨ ਹੋਏ,ਕੱਲਕੱਤੇ ਤੋਂ ਆਏ ਕੁਝ ਪੰਜਾਬੀ ਸਿੱਖਾਂ ਨੇ ਪੰਜਾਬ ਦੇ ਅਕਾਲੀਆਂ ਨੂੰ ਉਲਾਂਭਾ ਦਿੱਤਾ ਕਿ ਤੁਸੀਂ ਅਤਿਵਾਦ ਨੂੰ ਨੱਥ ਨਹੀਂ ਪਾ ਰਹੇ। ਇਸ ਨਾਲ ਸਾਡੇ ਉਜਾੜੇ ਦਾ ਖਤਰਾ ਹੈ। ਜੇ ਅਸੀਂ ਉਜੜ ਗਏ ਤਦ ਸਾਨੂੰ ਪੰਜਾਬ ਆਉਣਾ ਪਏਗਾ ਤੇ ਅਸੀਂ ਆਪਣੀਆਂ ਗੱਡੀਆਂ ਤੇ ਹੋਰ ਸਮਾਨ ਆਪਣੇ ਨਾਲ ਲਿਆਵਾਂਗੇ। ਬਦਕਿਸਮਤੀ ਨੂੰ ਤੁਹਾਡੇ ਕੋਲ ਪੰਜਾਬ ਵਿਚ ਏਨੀ ਥਾਂ ਨਹੀਂ ਕਿ ਸਾਡੀਆਂ ਸਾਰੀਆਂ ਗੱਡੀਆਂ ਖੜ੍ਹੀਆਂ ਹੋ ਸਕਣ। ਇਸ ਲਈ ਅਤਿਵਾਦ ਦੇ ਮਾਮਲੇ 'ਤੇ ਜ਼ਰਾ ਚੰਗੀ ਤਰ੍ਹਾਂ ਸੋਚ—ਵਿਚਾਰ ਕਰੋ ਕਿ ਇਹ ਸੌਦਾ ਸਿੱਖਾਂ ਨੂੰ ਮਹਿੰਗਾ ਪਵੇਗਾ ਜਾਂ ਇਸ ਦੇ ਜਾਰੀ ਰੱਖਣ ਨਾਲ ਸਿੱਖ ਧਰਮ ਦੁਨੀਆਂ ਵਿਚ ਵਧੇ—ਫੁੱਲੇਗਾ।

ਅਤਿਵਾਦੀਆਂ ਬਾਰੇ ਇਕ ਗੱਲ ਹੋਰ ਵੀ ਚਲਦੀ ਹੈ ਕਿ ਉਨ੍ਹਾਂ ਅਜੇ ਤਕ ਆਪਣੀ ਕੋਈ ਸਿਆਸੀ ਮੰਗ ਨਹੀਂ ਰੱਖੀ। ਜਾਂ ਤਾਂ ਉਨ੍ਹਾਂ ਦਾ ਸਿਆਸਤ ਨਾਲ ਕੋਈ ਸਬੰਧ ਨਹੀਂ ਜਾਂ ਫਿਰ ਜਿੰਨਾ ਚਿਰ ਸਾਰੇ ਸਿਆਸੀ ਬੰਦਿਆਂ ਨੂੰ ਉਹ ਹੂੰਝਾ ਨਹੀਂ ਫੇਰ ਦਿੰਦੇ,ਓਨਾ ਚਿਰ ਆਪਣੀ ਸਿਆਸਤ ਪ੍ਰਗਟ ਨਹੀਂ ਕਰਨਾ ਚਾਹੁੰਦੇ।

ਪੰਜਾਬ ਦੇ ਡਾਇਰੈਕਟਰ ਜਨਰਲ ਪੁਲੀਸ ਸ੍ਰੀ ਰਿਬੇਰੋ ਨੇ ਆਪਣੇ ਬਿਆਨ ਵਿਚ ਇਹ ਗੱਲ ਕਹੀ ਹੈ ਕਿ 1986 ਵਿਚ ਪੰਜਾਬ ਵਿਚ 500 ਤੋਂ ਵੱਧ ਬੰਦੇ ਅਤਿਵਾਦ ਦੇ ਬਹਾਨੇ ਮਾਰੇ ਗਏ। ਜਿਨ੍ਹਾਂ ਵਿਚ 193 ਸਿਖ ਸਨ। ਇਸ ਬਿਆਨ ਤੋਂ ਸ੍ਰੀ ਰਿਬੇਰੋ ਦਾ ਮਨੋਰਥ ਸ਼ਾਇਦ ਇਹ ਹੋਵੇ ਕਿ ਅਤਿਵਾਦੀਆਂ ਲਈ ਹਿੰਦੂ,ਸਿੱਖ ਦਾ ਕੋਈ ਵਿਤਕਰਾ ਨਹੀਂ। ਉਨ੍ਹਾਂ ਦੀ ਸੋਚਣੀ ਆਪਣੀ ਕਿਸਮ ਦੀ ਹੈ। ਇਸ ਬਾਰੇ ਰਾਜ ਕਰਨ ਵਾਲੇ ਲੋਕਾਂ ਨੂੰ ਅਵੱਸ਼ ਸੋਚਣਾ ਪਵੇਗਾ ਕਿ ਐਸਾ ਕਿਉਂ ਹੈ ਜਾਂ ਕਿਉਂ ਨਹੀਂ ਹੈ ? ਮਰਨ ਵਾਲੇ ਬੰਦਿਆਂ ਵੱਟੇ ਬੰਦੇ ਮਾਰੀ ਜਾਣਾ ਸਰਕਾਰ ਨੂੰ ਕਿਸੇ ਮੰਜ਼ਿਲ ਉਤੇ ਨਹੀਂ ਪੁੱਜਦਾ ਕਰ ਸਕਦਾ।

### ਹਰਿਆਣੇ ਦਾ ਭਿੰਡਰਾਂਵਾਲਾ

ਚੌਧਰੀ ਬੰਸੀ ਲਾਲ ਨੇ ਲੋਕ ਦਲ ਨੇਤਾ ਚੌਧਰੀ ਦੇਵੀ ਲਾਲ ਨੂੰ ਕੋਸਦਿਆਂ ਬਿਆਨ ਦਿੱਤਾ ਹੈ ਕਿ ਅੱਜ ਕੱਲ੍ਹ ਉਹ ਹਰਿਆਣੇ ਦਾ ਭਿੰਡਰਾਂਵਾਲਾ ਬਣਨ ਦੀ ਕੋਸ਼ਿਸ਼ ਕਰ ਰਹੇ ਹਨ। ਨਾਲ ਹੀ ਲਲਕਾਰ ਨੇ ਕਿਹਾ ਹੈ ਕਿ ਜਿੰਨਾ ਚਿਰ ਮੈਂ ਹਰਿਆਣੇ ਦਾ ਮੁੱਖ ਮੰਤਰੀ ਹਾਂ,ਏਥੇ ਕੋਈ ਭਿੰਡਰਾਂਵਾਲਾ ਜੰਮਣ ਨਹੀਂ ਦਿਤਾ ਜਾਵੇਗਾ।

ਇਹ ਗੱਲਾਂ ਹੁਣ ਉਦੋਂ ਹੋਣੀਆਂ ਸ਼ੁਰੂ ਹੋਈਆਂ ਹਨ ਜਦੋਂ ਸੰਤ ਭਿੰਡਰਾਂਵਾਲੇ ਇਸ ਸੰਸਾਰ ਵਿਚ ਨਹੀਂ ਹਨ। ਹਰ ਉਸ ਬੰਦੇ ਨੂੰ ਭਿੰਡਰਾਂਵਾਲੇ ਨਾਲ ਜੋੜਨ ਦਾ ਯਤਨ ਕੀਤਾ ਜਾਂਦਾ ਹੈ ਜੋ ਜੁਝਾਰੂ ਭਾਸ਼ਾ ਬੋਲਦਾ ਹੋਵੇ।

ਜਦੋਂ ਭਿੰਡਰਾਂਵਾਲੇ ਜਿਉਂਦੇ ਸਨ ਅਤੇ ਹਰਿਆਣੇ ਦੇ ਇਕ ਪਿੰਡ ਵਿਚ ਗਏ ਸਨ ਤਦ ਉਨ੍ਹਾਂ ਨੂੰ ਪੰਜਾਬ ਪੁਲੀਸ ਫੜਨ ਗਈ ਸੀ। ਪਰ ਹਰਿਆਣੇ ਦੇ ਉਸ ਸਮੇਂ ਦੇ ਮੁਖ ਮੰਤਰੀ ਚੌਧਰੀ ਭਜਨ ਲਾਲ ਨੇ ਭਿੰਡਰਾਂਵਾਲੇ ਨੂੰ ਸਹੀ ਸਲਾਮਤ ਚੌਕ ਮਹਿਤਾ ਪੁੱਜਣ ਵਿਚ ਸਹਾਇਤਾ ਕੀਤੀ ਸੀ। ਇਸ ਸਹਾਇਤਾ ਪਿੱਛੇ ਵੀ ਕੁਝ ਹੋਰ ਸ਼ਕਤੀਆਂ ਬੈਠੀਆਂ ਸਨ ਜਿਹੜੀਆਂ ਭਿੰਡਰਾਂਵਾਲੇ ਨੂੰ ਮੱਥਾ ਟੇਕਦੀਆਂ ਸਨ। ਅੱਜ ਭਿੰਡਰਾਂਵਾਲਾ ਜਿਉਂਦਾ ਨਹੀਂ ਤੇ ਚੌਧਰੀ ਬੰਸੀ ਲਾਲ ਆਪਣੇ ਵਿਰੋਧੀ ਦੇਵੀ ਲਾਲ ਨੂੰ ਉਨ੍ਹਾਂ ਦੇ ਨਾਮ ਦੇ ਤਾਹਨੇ ਮਾਰ ਰਿਹਾ ਹੈ। ਪਹਿਲਾਂ ਸ੍ਰੀ ਦੇਵੀ ਲਾਲ ਨੂੰ ਹਰਿਆਣੇ ਦਾ ਪ੍ਰਕਾਸ਼ ਸਿੰਘ ਬਾਦਲ ਕਿਹਾ ਜਾਂਦਾ ਸੀ। ਹੁਣ ਜਿਉਂ ਜਿਉਂ ਚੋਣਾਂ ਨੇੜੇ ਆ ਰਹੀਆਂ ਹਨ ਤਿਉਂ ਤਿਉਂ ਦੇਵੀ ਲਾਲ ਦੀ ਵਿਰੋਧਤਾ ਨੂੰ ਮੁੱਖ ਰੱਖਦਿਆਂ ਨਵੇਂ ਨਵੇਂ ਨਾਮ ਦਿੱਤੇ ਜਾ ਰਹੇ ਹਨ।

ਚੌਧਰੀ ਦੇਵੀ ਲਾਲ ਵੀ ਇਸ ਮਾਮਲੇ ਵਿਚ ਚੁੱਪ ਰਹਿਣ ਵਾਲਾ ਨਹੀਂ। ਉਸ ਨੇ ਸੱਪ ਲੰਘ ਜਾਣ ਬਾਅਦ ਤੋਸ਼ਾਮ ਵਿਖੇ ਲਕੀਰ ਪਿੱਟਦਿਆਂ ਭਾਰੀ ਜਲਸੇ ਨੂੰ ਸੰਬੋਧਨ ਕੀਤਾ ਅਤੇ ਕਿਹਾ,"ਅਕਾਲੀਆਂ ਕੋਲ ਸਰਦਾਰ ਸੁਰਜੀਤ ਸਿੰਘ ਬਰਨਾਲੇ ਦੀ ਥਾਂ ਚੌਧਰੀ ਬੰਸੀ ਲਾਲ ਚੀਫ ਮਨਿਸਟਰ ਹੋਣਾ ਚਾਹੀਦਾ ਸੀ। ਫਿਰ ਟੌਹੜਾ ਸਾਹਿਬ ਨੂੰ 74 ਵੋਟਾਂ ਦੀ ਥਾਂ ਸ਼ਾਇਦ 4 ਹੀ ਪੈਂਦੀਆਂ,ਜਿਵੇਂ ਕਿ ਤੋਸ਼ਾਮ ਵਿਚ ਹੋਇਆ।"

### ਸੂਚਨਾ

ਲੋਕਾਂ ਦੇ ਭਲੇ ਵਾਸਤੇ ਬਜ਼ੁਰਗਾਂ ਲਈ ਅੰਗਰੇਜ਼ੀ ਸਿਖਣ ਦਾ ਮੌਕਾ। ਕੀ ਤੁਹਾਨੂੰ ਅੰਗਰੇਜ਼ੀ ਬੋਲਣ ਵਿਚ ਦਿੱਕਤ ਪੇਸ਼ ਆਉਂਦੀ ਹੈ ? ਅਗਰ ਆਉਂਦੀ ਹੈ ਤਦ ਆਪ ਲਿਟਲ ਮਾਊਂਨਟੇਨ ਨੇਬਰਹੁਡ ਰਾਹੀਂ ਆਪਣੀ ਅੰਗਰੇਜ਼ੀ ਚੰਗੀ ਬਣਾਉਣ ਦਾ ਮੌਕਾ ਹਾਸਲ ਕਰੋ। ਜਿਹੜੇ ਲੋਕ ਨਵੇਂ ਨਵੇਂ ਕਨੇਡਾ ਵਿਚ ਆਏ ਹਨ, ਅੰਗਰੇਜ਼ੀ ਜਾਣਦੇ ਹਨ, ਪਰ ਚੰਗੀ ਤਰ੍ਹਾਂ ਬੋਲ ਨਹੀਂ ਸਕਦੇ ਉਹਨਾਂ ਵਾਸਤੇ ਵੀ ਕਲਾਸਾਂ ਦਾ ਇੰਤਜ਼ਾਮ ਹੈ।

ਕਲਾਸਾਂ ਦਾ ਸਮਾਂ :
ਹਰ ਸੋਮਵਾਰ ਅਤੇ ਬੁੱਧਵਾਰ ਸਵੇਰੇ 10 ਵਜੇ ਤੋਂ ਲੈ ਕੇ 12 ਵਜੇ ਦੁਪਹਿਰ ਕੋਰਸ 26 ਕਲਾਸਾਂ ਦਾ ਹੋਵੇਗਾ। 12 ਜਨਵਰੀ 87 ਤੋਂ 15 ਅਪ੍ਰੈਲ 87 ਤੱਕ। ਦਾਖਲਾ ਸਿਰਫ 10 ਡਾਲਰ।
ਹੋਰ ਜਾਣਕਾਰੀ ਲਈ 879-7104 ਤੇ ਫੋਨ ਕਰੋ ਜਾਂ ਖੁਦ 3981 ਮੇਨ ਸਟਰੀਟ 'ਤੇ ਚਲੇ ਆਓ।

Success Through Service & Experience
AWARD WINNER
OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971
For Professional Market Evaluation or Consultation
• Without any obligation, contact
Buying, Selling or Trading
ਮਕਾਨ ਵੇਚਣ ਜਾਂ ਖ਼੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ
Ph. Bus: 437-9431 Res: 434-4660
UNITED REALTY LTD.
2443 Kingsway, Vancouver, B.C. V5R 5G8

Ajaib S. Janda

# ਮਹਾਤਮਾ ਗਾਂਧੀ ਨੂੰ ਕਤਲ ਕਰਨਾ ਜਾਇਜ਼ ਠਹਿਰਾਇਆ

ਨਵੀਂ ਦਿੱਲੀ — 40 ਸਾਲ ਪਹਿਲਾਂ ਮਹਾਤਮਾ ਗਾਂਧੀ ਨੂੰ ਕਤਲ ਕਰਨ ਦੀ ਸਾਜ਼ਸ਼ ਬਣਾਉਣ ਵਾਲੇ ਗੋਪਾਲ ਗੌਂਡਸੇ ਦਾ ਅਜੇ ਵੀ ਵਿਚਾਰ ਹੈ ਕਿ ਗਾਂਧੀ ਨੂੰ ਮਾਰਨ ਦਾ ਫੈਸਲਾ ਲੈਣਾ ਜਾਇਜ਼ ਸੀ।

ਗੋਪਾਲ ਗੌਂਡਸੇ ਦੇ ਵੱਡੇ ਭਰਾ ਨੱਥੂਰਾਮ ਗੌਂਡਸੇ ਅਤੇ ਕਤਲ ਕਰਨ ਦੀ ਸਾਜ਼ਸ਼ ਬਣਾਉਣ ਵਾਲੇ ਦੂਜੇ ਵਿਅਕਤੀ ਨਰਾਇਣ ਆਪਟੇ ਨੂੰ ਫਾਂਸੀ ਦੇ ਦਿੱਤੀ ਗਈ ਸੀ। ਗੋਪਾਲ ਗੌਂਡਸੇ ਨੂੰ ਜੇਲ੍ਹ ਵਿਚ 17 ਸਾਲ ਦੀ ਕੈਦ ਹੋਈ ਸੀ।

ਗੋਪਾਲ ਗੌਂਡਸੇ ਨੇ 'ਸੰਡੇ ਮੇਲ' ਪੇਪਰ ਨੂੰ ਇਕ ਇੰਟਰਵੀਊ 'ਚ ਦੱਸਿਆ ਕਿ ਇਹ ਕਤਲ ਆਮ ਕਤਲਾਂ ਵਰਗਾ ਨਹੀਂ ਸੀ ਸਗੋਂ ਇਸ ਦੀ ਆਪਣੀ ਸ਼ਾਨ ਸੀ।

ਮਹਾਤਮਾ ਗਾਂਧੀ ਨੂੰ ਨਵੀਂ ਦਿੱਲੀ 'ਚ ਇਕ ਸਨਅਤਕਾਰ ਦੇ ਮੰਦਰ ਵਿਚ ਸਵੇਰ ਦੀ ਅਰਦਾਸ ਵੇਲੇ ਨੱਥੂਰਾਮ ਗੌਂਡਸੇ ਨੇ ਗੋਲੀ ਮਾਰ ਦਿੱਤੀ ਸੀ, ਗੋਪਾਲ ਗੌਂਡਸੇ ਮਹਿਸੂਸ ਕਰਦਾ ਹੈ ਕਿ ਗਾਂਧੀ 1947 ਦੀ ਵੰਡ ਤੋਂ ਬਾਅਦ ਭਾਰਤ ਸਰਕਾਰ ਨੂੰ ਮਨਾ ਰਿਹਾ ਸੀ ਕਿ ਪਾਕਿਸਤਾਨ ਨੂੰ ਇਕ ਮਿਲੀਅਨ ਡਾਲਰ ਦਿਤੇ ਜਾਣ। ਗੋਪਾਲ ਅਨੁਸਾਰ ਸਾਡਾ ਇਹ ਐਕਸ਼ਨ ਇਸ ਗਲਤ ਫੈਸਲਾ ਦਾ ਪ੍ਰਤੀਕਰਮ ਹੀ ਸੀ।

ਪਿਛਲੇ 40 ਸਾਲਾਂ ਵਿਚ ਗੋਪਾਲ ਗੌਂਡਸੇ ਦਾ ਇੰਟਰਵੀਊ ਪਹਿਲੀ ਵਾਰ ਕਿਸੇ ਅਖਬਾਰ ਨੇ ਲਿਆ ਹੈ ਕਿਉਂਕਿ ਭਾਰਤੀ ਅਖਬਾਰਾਂ ਅਤੇ ਹਿੰਦੂਆਂ ਨੇ ਗੌਂਡਸੇ ਪ੍ਰੀਵਾਰ ਦਾ ਮੁਕੰਮਲ ਬਾਈਕਾਟ ਕੀਤਾ ਹੋਇਆ ਹੈ। ਇਸ ਪ੍ਰੀਵਾਰ ਨੇ ਨੱਥੂਰਾਮ ਗੌਂਡਸੇ ਦੀਆਂ ਅਸਥੀਆਂ ਅਜੇ ਵੀ ਘਰ 'ਚ ਸਾਂਭੀਆਂ ਹੋਈਆਂ ਹਨ।

ਗੋਪਾਲ ਗੌਂਡਸੇ ਨੇ ਇਕ ਇੰਟਰਵੀਊ 'ਚ ਕਿਹਾ, "ਈਮਾਨਦਾਰੀ ਨਾਲ ਮੈਂ ਕਹਿ ਸਕਦਾ ਹਾਂ ਕਿ ਗਾਂਧੀ ਦੀ ਮਹਾਨਤਾ ਨੂੰ ਝੁਠਲਾਇਆ ਨਹੀਂ ਜਾ ਸਕਦਾ ਪਰ ਨਾਲ ਹੀ ਇਸ ਮਹਾਨਤਾ ਦਾ ਇਹ ਮਤਲਬ ਨਹੀਂ ਕਿ ਕੋਈ ਆਪਣੀ ਮਰਜ਼ੀ ਨਾਲ ਜੋ ਦਿਲ 'ਚ ਆਵੇ ਕਰੀ ਜਾਵੇ।"

ਮਹਾਤਮਾ ਗਾਂਧੀ ਨੇ ਇਸ ਗੱਲ 'ਤੇ ਜ਼ੋਰ ਦਿਤਾ ਸੀ ਕਿ ਹੋਏ ਸਮਝੌਤੇ ਅਨੁਸਾਰ ਭਾਰਤ ਸਰਕਾਰ ਪਾਕਿਸਤਾਨ ਨੂੰ ਕਈ ਮਿਲੀਅਨ ਡਾਲਰ ਦੇਵੇ। ਪਰ ਬਾਅਦ ਵਿਚ ਇਹ ਮਾਮਲਾ ਖਟਾਈ 'ਚ ਪੈ ਗਿਆ।

ਗੋਪਾਲ ਗੌਂਡਸੇ ਨੇ ਅਖਬਾਰ ਨੂੰ ਹੋਰ ਦੱਸਿਆ ਕਿ ਉਨ੍ਹਾਂ ਤਿੰਨਾਂ ਨੇ ਗਾਂਧੀ ਨੂੰ ਮਾਰਨ ਦੀ ਥਾਂ ਅਗਵਾ ਕਰਨ ਦੀ ਯੋਜਨਾ ਬਣਾਈ ਸੀ। ਪਰ ਇਸ ਕੰਮ ਲਈ ਕਾਫੀ ਬੰਦਿਆਂ ਦੀ ਲੋੜ ਸੀ ਜਿਹੜੀ ਕਿ ਉਨ੍ਹਾਂ ਕੋਲ ਨਹੀਂ ਸੀ। ਇਸ ਕਰਕੇ ਵਧੀਆ ਅਤੇ ਸੌਖਾ ਤਰੀਕਾ ਇਹ ਸੀ ਕਿ ਗਾਂਧੀ ਨੂੰ ਖਤਮ ਕਰ ਦਿੱਤਾ ਜਾਵੇ।

# ਈਰਾਕੀ ਹਮਲਿਆਂ 'ਚ 68 ਈਰਾਨੀ ਲੜਕੀਆਂ ਹਲਾਕ

ਤਹਿਰਾਨ — ਈਰਾਨ ਅਤੇ ਈਰਾਕ 'ਚ ਭਾਰੀ ਲੜਾਈ ਜਾਰੀ ਹੈ ਤਹਿਰਾਨ ਰੇਡੀਓ ਨੇ ਖਬਰ ਦਿੱਤੀ ਹੈ ਕਿ ਈਰਾਕੀ ਹਵਾਈ ਜਹਾਜ਼ਾਂ ਨੇ ਦੋ ਸਕੂਲਾਂ 'ਤੇ ਬੰਬ ਬਰਸਾਏ ਜਿਸ ਨਾਲ 68 ਸਕੂਲੀ ਲੜਕੀਆਂ ਹਲਾਕ ਅਤੇ 150 ਜ਼ਖਮੀ ਹੋਈਆਂ ਹਨ।

ਇਰਾਨੀਅਨ ਖਬਰ ਏਜੰਸੀ ਇਰਨਾ ਅਨੁਸਾਰ ਤਹਿਰਾਨ ਤੋਂ 400 ਕਿਲੋਮੀਟਰ ਉਤਰ ਪੱਛਮ ਵਿਚ ਸਥਿਤ ਸ਼ਹਿਰ ਮੀਨਾਹ ਦੇ ਸ਼ਹਿਰੀ ਇਲਾਕਿਆਂ ਅਤੇ ਹੋਰ ਛੇ ਸ਼ਹਿਰਾਂ 'ਤੇ ਈਰਾਕੀ ਹਵਾਈ ਹਮਲਿਆਂ ਕਾਰਨ ਅਨੇਕਾਂ ਵਿਅਕਤੀ ਮਰੇ ਅਤੇ ਜ਼ਖਮੀ ਹੋਏ ਹਨ। ਬੀਤੇ 24 ਦਿਨਾਂ 'ਚ ਹੁਣ ਤੱਕ 2000 ਸ਼ਹਿਰੀ ਮਾਰੇ ਜਾ ਚੁੱਕੇ ਹਨ। ਜ਼ਖਮੀ ਹੋਣ ਵਾਲਿਆਂ ਦੀ ਗਿਣਤੀ 7000 ਤੋਂ ਵੀ ਵੱਧ ਹੈ।

ਈਰਾਕ ਨੇ ਦਾਅਵਾ ਕੀਤਾ ਹੈ ਕਿ ਈਰਾਨ ਦਾ ਬਸਰਾ ਦੇ ਨੇੜੇ ਹਮਲਾ ਪਛਾੜ ਦਿਤਾ ਗਿਆ ਹੈ।

ਦੋਨੋਂ ਦੇਸ਼ ਪਿਛਲੇ ਛੇ ਸਾਲਾਂ ਤੋਂ ਜਿੱਤ ਦੇ ਦਾਅਵੇ ਕਰਦੇ ਆ ਰਹੇ ਹਨ।

# ਭਾਰਤੀ ਦੂਤਘਰ ਸਾਹਮਣੇ ਬੰਬ ਫਟਣ 'ਤੇ 4 ਮਰੇ

ਕਾਬਲ — ਕਾਬਲ ਸਥਿਤ ਭਾਰਤੀ ਦੂਤਘਰ ਦੇ ਸਾਹਮਣੇ ਇਕ ਕਾਰ 'ਚ ਬੰਬ ਫਟਣ ਨਾਲ 4 ਵਿਅਕਤੀਆਂ ਦੇ ਮਰਨ ਅਤੇ 17 ਹੋਰ ਦੇ ਜ਼ਖਮੀ ਹੋਣ ਦੀ ਖਬਰ ਹੈ।

ਕਾਬਲ ਰੇਡੀਓ ਨੇ ਇਸ ਬੰਬ ਧਮਾਕੇ ਲਈ ਮੁਸਲਿਮ ਗੁਰੀਲਿਆਂ ਨੂੰ ਜ਼ਿੰਮੇਂਵਾਰ ਠਹਿਰਾਇਆ ਹੈ ਜੋ ਅਫਗਾਨਿਸਤਾਨ ਸਰਕਾਰ ਦੇ ਖਿਲਾਫ ਜੰਗ ਜਾਰੀ ਰੱਖ ਰਹੇ ਹਨ।

## ਇਕ ਟਿਪਣੀ :

**ਬਾਪ ਦਾ ਮਾਲ :** ਕੋਈ ਬੰਦਾ ਜੇਕਰ ਆਪਣਾ ਵੀ ਜਾਂ ਪਰਾਇਆ ਮਾਲ ਅੰਨ੍ਹੇ ਵਾਹ ਲੁੱਟਾ ਰਿਹਾ ਹੋਵੇ ਤਾਂ ਕਿਹਾ ਜਾਂਦਾ ਹੈ ਕਿ ਬਾਪ ਦਾ ਮਾਲ ਸਮਝਕੇ ਲੁਟਾ ਰਿਹਾ ਹੈ। ਰਾਜੀਵ ਗਾਂਧੀ ਦਾ ਬਿਲਕੁਲ ਇਹੋ ਹਾਲ ਹੈ। ਉਹ ਕਸ਼ਮੀਰ ਜਾਏ, ਹਰਿਆਣਾ ਜਾਏ, ਬੰਗਾਲ ਜਾਏ ਤਾਂ ਆਪਣੀ ਨਿੱਜੀ ਭੱਲ ਬਨਾਉਣ ਲਈ ਕਿਧਰੇ 1 ਕਰੋੜ, ਕਿਧਰੇ 5 ਕਰੋੜ, ਕਿਧਰੇ 10 ਕਰੋੜ ਦੇਣ ਦਾ ਐਲਾਨ ਕਰਦਾ ਹੈ, ਜਿਸ ਤਰ੍ਹਾਂ ਇਹ ਰੁਪਿਆ ਉਹਦੇ ਬਾਪ ਦਾ ਮਾਲ ਹੈ। ਦੇਸ਼ ਦੀ ਪੂੰਜੀ ਦਾ ਇਕ ਇਕ ਪੈਸਾ ਖਰਚ ਕਰਨ ਦਾ ਇਕ ਤੌਰ ਤਰੀਕਾ ਹੈ ਪਲੇਨਿੰਗ ਕਮਿਸ਼ਨ ਕੋਈ ਪਲੈਨ ਤਿਆਰ ਕਰਦੀ ਹੈ, ਬੱਜਟ ਬਣਦਾ ਹੈ, ਵਿੱਤ ਮਹਿਕਮੇ ਕੋਲੋਂ ਰਕਮ ਮਨਜ਼ੂਰ ਕਰਵਾਈ ਜਾਂਦੀ ਹੈ, ਫਿਰ ਜਾ ਕੇ ਖਰਚ ਕੀਤਾ ਜਾਂਦਾ ਹੈ। ਪ੍ਰਧਾਨ ਮੰਤਰੀ ਲਈ ਕੁਝ ਰਕਮ ਰਾਖਵੀਂ ਰਖੀ ਜਾਂਦੀ ਹੈ ਕਿ ਅਚਾਨਕ ਹੜ੍ਹ ਆ ਜਾਏ, ਭੂਚਾਲ ਆ ਜਾਏ ਜਾਂ ਹੋਰ ਕੋਈ ਕੁਦਰਤੀ ਆਫਤ ਆ ਜਾਏ ਤਾਂ ਉਹ ਫੌਰਨ ਖਰਚ ਕਰ ਸਕੇ, ਪਰ ਜਿਸ ਤਰ੍ਹਾਂ ਉਹ ਦੇਸ਼ ਦੀ ਪੂੰਜੀ ਨੂੰ ਅੰਨੇਵਾਹ ਵਰਤ ਰਿਹਾ ਹੈ ਤਾਂ ਲੋਕ ਕਹਿਣ ਤੇ ਮਜ਼ਬੂਰ ਨੇ 'ਇਹ ਤੇਰੇ ਬਾਪ ਦਾ ਮਾਲ ਨਹੀਂ'।

ਗ. ਸ.

- ਅੱਜ ਜਦੋਂ ਮਨੁੱਖ ਚੰਨ 'ਤੇ ਪੁਜ ਗਿਆ ਹੈ ਤੇ ਅਸੀਂ ਲੋਕ ਹਾਲੇ ਵੀ ਚਿੱਕੜਾਂ ਵਿਚ, ਮੱਖੀਆਂ, ਮੱਛਰਾਂ ਵਿਚ ਜੀਂਦੇ ਪਏ ਹਾਂ ਤਾਂ ਇਹ ਸਿਆਸਤ ਦੀ ਹੀ ਸਾਨੂੰ ਦੇਣ ਹੈ।
- ਅਸੈਂਬਲੀ ਵਿਚ ਜਾਣ ਲਈ ਜਿਹੜੀਆਂ ਚੋਣਾਂ ਹੁੰਦੀਆਂ ਹਨ, ਉਹ ਹੌਲੇ ਹੌਲੇ ਬਿਲਕੁਲ ਪੈਸੇ ਦੀ ਖੇਡ ਬਣ ਗਈ ਹੈ। ਇਸ ਲਈ ਇਹ ਖੇਡ ਉਹੀ ਖੇਡ ਸਕਦਾ ਹੈ, ਜਿਸ ਕੋਲ ਲੱਖਾਂ ਹੋਣ ਜਾਂ ਉਹ ਲੱਖਾਂ ਇਕੱਠੇ ਕਰਨ ਦੀ ਸ਼ਕਤੀ ਰੱਖਦਾ ਹੋਵੇ। ਇਹ ਚੋਣਾਂ ਪੈਸੇ ਦੀ ਖੇਡ ਕਿਉਂ ਬਣ ਗਈਆਂ ਹਨ, ਇਹ ਵੀ ਸਿਆਸਤ ਹੈ।
- ਬਲਵੰਤ ਸਿੰਘ, ਪੰਜਾਬ ਦਾ ਖਜ਼ਾਨਾ ਮੰਤਰੀ ਜਿਹੜਾ ਕੁਝ ਸਾਲ ਪਹਿਲੇ ਮਾਮੂਲੀ ਪੂੰਜੀ ਦਾ ਮਾਲਕ ਸੀ ਤੇ ਹੁਣ ਲੱਖਾਂ ਕਰੋੜਾਂ ਦਾ ਮਾਲਕ ਹੈ ਤਾਂ ਇਹ ਵੀ ਸਿਆਸਤ ਹੈ।




GIVE YOUR "LAZY MONEY" A STEP IN THE RIGHT DIRECTION

IN TODAY'S FAST PACED ENVIRONMENT WE SOMETIMES NEGLECT THE NEED FOR GOOD MONEY MANAGEMENT.

THE UNITED GROUP OF FUNDS ARE PROVEN PROFESSIONAL MONEY MANAGERS WHO HAVE BEEN MANAGING FUNDS SINCE 1957.

WE CAN GIVE YOUR "LAZY MONEY" THE ADDED LIFT IT REQUIRES AND AT THE SAME TIME HELP YOU REDUCE YOUR TAXABLE INCOME.

TAKE ADVANTAGE OF PROVEN INVESTMENT MANAGEMENT EXPERIENCE AND GIVE YOUR "LAZY MONEY" A STEP IN THE RIGHT DIRECTION WITH THE UNITED GROUP OF FUNDS.

| | Average Annual Rate of Return | | |
|---|---|---|---|
| | 1 YR* | 3 YRS* | 10 YRS* |
| United Accumulative Fund | 20.9% | 22.9% | 19.7% |
| United Accumulative Retirement Fund** | 13.2% | 18.2% | 20.7% |
| United Venture Fund | 10.7% | 14.2% | 19.3% |
| United Venture Retirement Fund** | 19.5% | 16.7% | 20.9% |
| United American Fund | 18.2% | 19.3% | 17.5% |

*All Results to Nov. 30, 1986 with dividends reinvested. Financial Times Survey Dec. 15, 1986
**Available for Registered & Non-Registered Investments. Offer made by Prospectus only.



Gurcharan Rampuri
Regal Capital Planners Ltd.
#100 - 1525 Robson St.
Vancouver, B.C. V6G 1C3
Bus: 684-3111 Res: 986-2883

Non-smokers pay less for insurance.



Mohindar Singh Gill

MOHINDAR SINGH GILL
B. Comm., M.B.A., C.G.A.
Life Underwriter

Ph. Off. 430-0455
Ph. Res. 433-1684

Suite 1206,
4330 Kingsway,
Burnaby, B.C.

SunLife OF CANADA

Get your life in shape.

Industrial Growth Fund



Looking both ways. To manage your RRSP.

☐ Please send me more information on an Industrial Growth Fund RRSP and its 2000% growth record.

NAME

ADDRESS

CITY PROV. POSTAL CODE

PHONE (Home) (Business)

*All figures to Dec. 1, 1986 with dividends reinvested. 19-year total growth: 1993%. One-year return: 8.05%. Any offer made only by prospectus.

# ਕੈਲੇਫੋਰਨੀਆ ਗਾਈਡ


ਫਰੈਜ਼ਨੋ ਵਿਚ 'ਕੈਨੇਡਾ ਦਰਪਣ' ਲਓ ਤੇ ਨਾਲ ਕੱਪੜੇ, ਗਰੌਸਰੀ, ਵੀਡੀਓ ਮੂਵੀਆਂ ਵੀ ਖ਼ੀਦੋ

**Ph. (209) 456-9491**

**INDICA IMPORTS — 4925 E. King Canyon Road, FRESNO, CA.**

ਯੂਬਾ ਸਿਟੀ ਵਿਚ 'ਕੈਨੇਡਾ ਦਰਪਣ' ਇਥੋਂ ਮਿਲਦਾ ਹੈ :

LONDON FASHIONS

1494 E. Bridge St., YUBA CITY CA. Ph. (916) 673-6634

## PETE ELLIS DODGE

ਕਾਰਾਂ, ਵੈਨਾਂ, ਪਿਕ ਅੱਪ ਖ਼ੀਦਣ ਲਈ

ਫ਼ੋਨ ਕਰੋ :—

**ਜੱਸੀ ਗਰੇਵਾਲ**

(408) 738-0400

Credit or no Credit

CALL:

**Jessie Grewal**

2 to 5% over Dealer Cost

**Pete Ellis Dodge**



**1095, West El Camino Real**

**SUNNYVALE, CALIFORNIA 94087**

## Kamla Emporium

• ਮਸਾਲੇ • ਆਟਾ • ਗਰੌਸਰੀ • ਕੱਪੜੇ • ਸਾੜ੍ਹੀਆਂ • ਰੀਕਾਰਡ • ਇੰਡੀਅਨ ਵੀਡੀਓ ਮੂਵੀਜ਼ • 220 ਵੋਲਟੇਜ਼ ਅਪਲਾਈਸਿਜ

'ਕੈਨੇਡਾ ਦਰਪਣ' ਅਖਬਾਰ ਵੀ ਇਥੋਂ ਮਿਲਦਾ ਹੈ

**2974 - Aborn Road, SAN JOSE, CA.**

ਇੰਦਰ ਮੋਹਨ ਨੂੰ ਫ਼ੋਨ ਕਰੋ :

(408) 270-2070

## Jyoti Emporium

ਆਪਣੀਆਂ ਘਰੇਲੂ ਵਸਤਾਂ ਲਈ ਜਯੋਤੀ ਇੰਮਪੋਰੀਅਮ ਉਤੇ ਪਹੁੰਚੋ

'ਕੈਨੇਡਾ ਦਰਪਣ' ਅਖਬਾਰ ਇਥੋਂ ਮਿਲਦਾ ਹੈ

1029 - Blossom Hill Road, Suite 5

SAN JOSE, CA. 95123

**Ph. (408) 265-0106**

1615 Mckee Road,

SAN JOSE, CA. 95116

**Ph. (408) 259-8988**

## GILL'S AUTO SALES

**ਯੂਬਾ ਸਿਟੀ ਅਤੇ ਨਾਲ ਦੇ ਇਲਾਕਿਆਂ ਦੇ ਕਾਰਾਂ ਖ਼ੀਦਣ ਵਾਲਿਆਂ ਨੂੰ ਖਾਸ ਸਹੂਲਤ**

ਆਪਣੀ ਮਰਜ਼ੀ ਦੀ ਕਾਰ ਖ਼ੀਦਣ ਜਾਂ ਵੇਚਣ ਲਈ



**ਗਿੱਲ ਆਟੋ ਸੇਲਜ਼ 'ਤੇ ਪਹੁੰਚੋ**



ਜਾਣਕਾਰੀ ਲਈ ਫ਼ੋਨ ਕਰੋ :

**(916) 671-3667**

**ਸੁਰਜੀਤ ਸਿੰਘ ਗਿੱਲ** ਜਾਂ **ਮਾਈਕਲ ਸ. ਸਮਰਾ** ਨਾਲ ਸੰਪਰਕ ਕਰੋ

**1455 - FRANKLIN ROAD, YUBA CITY, CA.**

## KANG UP HOLSTERY

**CUSTOM UPHOLSTERING**

**UPHOLSTERY FURNITURE MADE TO ORDER**

**Estimates Submitted/Pick-up & Delivery**

**Ph. (916) 673-6594 or 674-2500**

**Res: (916) 673-3387**



ਸਵਰਨ ਸਿੰਘ ਕੰਗ

**ਯੂਬਾ ਸਿਟੀ ਦੇ ਰਹਿਣ ਵਾਲੇ ਆਪਣੇ ਘਰ ਲਈ ਆਪਣੀ ਮਰਜ਼ੀ ਦਾ ਸੋਫ਼ਾ, ਚੇਅਰ ਜਾਂ ਹੋਰ ਸਾਮਾਨ ਆਰਡਰ ਬੁੱਕ ਕਰਵਾ ਕੇ ਬਣਵਾ ਸਕਦੇ ਹਨ**

**632 N. WALTON, ROAD, YUBA CITY, CA.**

# ਤ੍ਰੀਪੁਰਾ 'ਚ ਵੱਖ-ਵਾਦੀਆਂ ਨਾਲ ਨਿਪਟਣ ਲਈ ਹੋਰ ਸੁਰੱਖਿਆ ਬਲ ਭੇਜੇ ਜਾਣੇ ਜ਼ਰੂਰੀ — ਚੱਕਰਵਰਤੀ

ਅਗਰਤਲਾ — ਤਰੀਪੁਰਾ ਦੇ ਮੁਖ ਮੰਤਰੀ ਨਰੀਪਨ ਚੱਕਰਵਰਤੀ ਨੇ ਕਿਹਾ ਹੈ ਕਿ ਖੱਬੇ ਮੁਹਾਜ਼ ਦੀ ਸਰਕਾਰ ਟੀ. ਐਨ. ਵੀ. ਜੱਥੇਬੰਦੀ ਤੇ ਕੇਂਦਰ ਵਲੋਂ ਪਾਬੰਦੀ ਲਾਏ ਜਾਣ ਦਾ ਵਿਰੋਧ ਨਹੀਂ ਕਰੇਗੀ। ਇਥੇ ਅਖਬਾਰੀ ਨੁਮਾਇੰਦਿਆਂ ਨਾਲ ਗੱਲਬਾਤ ਕਰਦੇ, ਮੁਖ ਮੰਤਰੀ ਚੱਕਰਵਰਤੀ ਨੇ ਕਿਹਾ ਕਿ ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਬੂਟਾ ਸਿੰਘ ਨੂੰ ਦੱਸ ਦਿੱਤਾ ਹੈ ਕਿ ਉਹ ਗੈਰ-ਕਾਨੂੰਨੀ ਸਰਗਰਮੀਆਂ ਨੂੰ ਰੋਕਣ ਬਾਰੇ ਕਾਨੂੰਨ, 1970 ਦਾ ਲਾਭ ਲੈ ਕੇ ਟੀ. ਐਨ. ਵੀ. ਵੱਖਵਾਦੀ ਸੰਸਥਾ ਤੇ ਪਾਬੰਦੀ ਲਾ ਸਕਦੇ ਹਨ।

ਮੁਖ ਮੰਤਰੀ ਨੇ ਕਿਹਾ ਕਿ ਜ਼ਿਲਾ ਪੱਧਰ ਤੇ ਅਦਾਲਤੀ ਜਾਇਜ਼ੇ ਦੀ ਪ੍ਰਣਾਲੀ ਸਭ ਕੁਝ ਦੇ ਬਾਵਜੂਦ ਜਾਰੀ ਰਹੇਗੀ। ਬੰਗਲਾ ਦੇਸ਼ ਦੇ ਸਿਲਹੇਟ ਤੇ ਚਿਟਾਗਾਂਗ ਖੇਤਰ ਨਾਲ ਲਗਦੀ ਤਰੀਪੁਰਾ ਦੀ ਕੌਮਾਂਤਰੀ ਸਰਹੱਦ ਤੇ ਕੁਝ ਇਲਾਕਿਆਂ ਨੂੰ ਸੁਰੱਖਿਆ ਅਧਿਕਾਰੀਆਂ ਦੀ ਨਿਸ਼ਾਨਦੇਹੀ ਤੇ ਵਜ਼ਾਰਤ ਦੀ ਪ੍ਰਵਾਨਗੀ ਪਿਛੋਂ ਗੜਬੜ ਮਾਰੇ ਇਲਾਕਿਆਂ ਬਾਰੇ ਕਾਨੂੰਨ ਦੇ ਘੇਰੇ ਵਿਚ ਲਿਆਂਦਾ ਜਾਵੇਗਾ। ਪਰ ਉਨ੍ਹਾਂ ਨੇ ਇਕ ਏਜੰਸੀ ਦੀ ਇਸ ਖਬਰ ਦੀ ਤਰਦੀਦ ਕੀਤੀ ਕਿ ਇਨ੍ਹਾਂ ਇਲਾਕਿਆਂ ਦੀ ਪਹਿਲਾਂ ਹੀ ਨਿਸ਼ਾਨਦੇਹੀ ਕਰ ਲਈ ਗਈ ਹੈ ਅਤੇ ਰਾਤ ਦਾ ਕਰਫਿਊ ਲਾਉਣ ਤੇ ਵੱਖਵਾਦੀਆਂ ਨੂੰ ਦੇਖਦੇ ਹੀ ਗੋਲੀ ਮਾਰਨ ਦੇ ਹੁਕਮਾਂ ਤੇ ਅਮਲ ਹੋ ਰਿਹਾ ਹੈ ਉਨ੍ਹਾਂ ਕਿਹਾ ਕਿ ਤਰੀਪੁਰਾ ਦੇ ਨਾਜ਼ਕ ਸਰਹੱਦੀ ਇਲਾਕਿਆਂ ਵਿਚ ਬੀ. ਐਸ. ਐਫ. ਨੂੰ ਵੱਖਵਾਦੀਆਂ ਨਾਲ ਨਿਬੜਨ ਲਈ ਵਾਧੂ ਸ਼ਕਤੀਆਂ ਦਿੱਤੀਆਂ ਜਾਣਗੀਆਂ। ਵੱਖਵਾਦੀਆਂ ਵਿਰੁੱਧ ਕਾਰਵਾਈਆਂ ਦੌਰਾਨ ਫੌਜ ਨੂੰ ਨਾ ਭੇਜਣ ਦਾ ਕੇਂਦਰ ਨੇ ਭਰੋਸਾ ਦਿੱਤਾ ਹੈ। ਉਨ੍ਹਾਂ ਮੰਗ ਕੀਤੀ ਕਿ ਸੀ. ਆਰ. ਪੀ. ਦੀ ਥਾਂ ਅਸਾਮ ਰਾਈਫਲਜ਼ ਦੇ ਜਵਾਨ ਤਰੀਪੁਰਾ ਭੇਜੇ ਜਾਣ ਕਿਉਂਕਿ ਵੱਖਵਾਦੀਆਂ ਨਾਲ ਨਿਬੜਨ ਦੀ ਉਨ੍ਹਾਂ ਨੂੰ ਵਧੇਰੇ ਸਿਖਲਾਈ ਹੈ।

ਐਮ. ਐਨ. ਐਫ. ਬਾਗੀਆਂ ਦੇ ਮੀਜ਼ੋਰਾਮ ਵਿਚ ਹਥਿਆਰ ਸੁਟਣ ਪਿਛੋਂ ਉਤਰੀ ਤਰੀਪੁਰਾ ਦੀਆਂ ਜੰਪੂਈ ਪਹਾੜੀਆਂ ਵਿਚ ਸ਼ਾਂਤੀ ਹੈ। ਉਨ੍ਹਾਂ ਕਿਹਾ ਕਿ ਲਾਲਡੇਂਗਾ ਨਾਲ ਸਮਝੌਤੇ ਪਿਛੋਂ ਟੀ. ਐਨ. ਵੀ. ਵੱਖਵਾਦੀਆਂ ਨੂੰ ਸ਼ਹਿ ਮਿਲੀ ਹੈ। ਮੁਖ ਮੰਤਰੀ ਨੇ ਦੂਰ ਦੁਰਾਡੇ ਦੇ ਇਲਾਕੇ ਵਿਚ ਕਬਾਇਲੀਆਂ ਦੀ ਭਲਾਈ ਲਈ ਵਧੇਰੇ ਕੇਂਦਰੀ ਫੰਡ ਦੀ ਮੰਗ ਕੀਤੀ।

# ਆਤਮਾ ਸਿੰਘ ਵਲੋਂ ਪੰਥਕ ਏਕੇ ਦਾ ਰੌਲਾ

ਜਲੰਧਰ — ਪੰਜਾਬ ਦੇ ਸਾਬਕ ਵਿਕਾਸ ਮੰਤਰੀ ਤੇ ਸੰਯੁਕਤ ਅਕਾਲੀ ਦਲ ਦੇ ਜਨਰਲ ਸੈਕਟਰੀ ਆਤਮਾ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ (ਪ੍ਰੋ:) ਦਰਸ਼ਨ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਪੰਥਕ ਏਕਤਾ ਲਈ ਜ਼ੋਰਦਾਰ ਕੋਸ਼ਿਸ਼ਾਂ ਨੂੰ ਸ਼ੁਰੂ ਕਰਨ ਤਾਂ ਜੋ ਸਿਖ ਕੌਮ ਨੂੰ ਇਕ ਪਲੇਟਫਾਰਮ ਤੇ ਇਕੱਠਿਆਂ ਕੀਤਾ ਜਾਵੇ। ਉਹਨਾਂ ਨੇ ਸਮੂੰਹ ਅਕਾਲੀ ਨੇਤਾਵਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਪਸੀ ਮਤਭੇਦਾਂ ਨੂੰ ਭੁਲਾ ਕੇ ਪੰਥਕ ਏਕਤਾ ਲਈ ਇਕ ਮੰਚ ਤੇ ਇਕੱਠੇ ਹੋ ਜਾਣ। ਆਤਮਾ ਸਿੰਘ ਵਲੋਂ ਜਾਰੀ ਕੀਤੀ ਗਈ ਅਪੀਲ ਵਿਚ ਆਖਿਆ ਗਿਆ ਹੈ ਕਿ ਜੇ ਪੰਥਕ ਏਕਤਾ ਹੋ ਜਾਏ ਤਾਂ ਫਿਰ ਜੋਧਪੁਰ ਦੇ ਨਜ਼ਰਬੰਦਾਂ, ਧਰਮੀ ਫੌਜੀ ਭਗੌੜਿਆਂ ਤੇ ਦੂਜੀਆਂ ਜੇਲ੍ਹਾਂ ਵਿਚ ਬੰਦ ਅਕਾਲੀ ਨੇਤਾਵਾਂ ਤੇ ਵਰਕਰਾਂ ਦੀ ਰਿਹਾਈ ਦਾ ਮਸਲਾ ਹੱਲ ਹੋ ਸਕਦਾ ਹੈ। ਇਸ ਤਰ੍ਹਾਂ ਹੋ ਜਾਣ ਦੀ ਹਾਲਤ ਵਿਚ ਸਿਖ ਨੌਜਵਾਨਾਂ ਨੂੰ ਝੂਠੇ ਪੁਲਸ ਮੁਕਾਬਲਿਆਂ ਵਿਚ ਨਹੀਂ ਮਾਰਿਆ ਜਾ ਸਕੇਗਾ।

# ਤੇਲ ਦੀਆਂ ਕੀਮਤਾਂ ਵਿਚ ਵਾਧਾ ਹੋਵੇਗਾ

ਕੁਆਲਾਲੰਪਰ — ਇਸ ਸਾਲ ਵਿਸ਼ਵ ਮੰਡੀ ਵਿਚ ਤੇਲ ਦੀ ਕੀਮਤ 18 ਡਾਲਰ ਪ੍ਰਤੀ ਬੈਰਲ ਵਧ ਜਾਏਗੀ। ਇਹ ਜਾਣਕਾਰੀ ਤੇਲ ਬਰਾਮਦਕਾਰ ਦੇਸ਼ਾਂ ਦੀ ਜਥੇਬੰਦੀ 'ਊਪੇਕ' ਦੇ ਪ੍ਰਧਾਨ ਤੇ ਇੰਡੋਨੇਸ਼ੀਆ ਦੇ ਊਰਜਾ ਮੰਤਰੀ ਸ੍ਰੀ ਸੁਬਰੋਤੋ ਨੇ ਇਥੇ ਦਿਤੀ। ਉਨ੍ਹਾਂ ਦੱਸਿਆ ਕਿ ਉਪੇਕ, ਦੇ ਮੈਂਬਰਾਂ ਦੀ ਮੀਟਿੰਗ ਵਿਚ ਦੱਸਿਆ ਗਿਆ ਕਿ ਇਸ ਜਥੇਬੰਦੀ ਵਲੋਂ ਚੁਣੇ ਗਏ ਕਦਮਾਂ ਦੇ ਕਾਰਨ ਵਿਸ਼ਵ ਮੰਡੀ ਵਿਚ ਤੇਲ ਦੀ ਕੀਮਤ 18 ਡਾਲਰ ਪ੍ਰਤੀ ਬੈਰਲ ਵਧ ਜਾਏਗੀ।

ਇਥੇ ਇਹ ਵੀ ਵਰਨਣਯੋਗ ਹੈ ਕਿ ਮਲੇਸ਼ੀਆ ਜਿਹੜਾ ਇਸ ਜਥੇਬੰਦੀ ਦਾ ਮੈਂਬਰ ਨਹੀਂ ਹੈ ਪਰ ਉਸ ਨੇ ਭਰੋਸਾ ਦੁਆਇਆ ਹੈ ਕਿ ਉਹ ਉਪੇਕ ਦੀ ਹਦਾਇਤ ਅਨੁਸਾਰ ਤੇਲ ਉਤਪਾਦਨ ਘਟਾਉਣ ਦੀ ਯੋਜਨਾ ਉਤੇ ਪੂਰਾ ਅਮਲ ਕਰੇਗਾ।

# ਸਿਆਸੀ ਘਰੂਟ — ਘਰੂਟਾਂ ਵਾਲੇ ਦੀ ਕਲਮ ਤੋਂ

● ਖਾਲਿਸਤਾਨ ਦੀ ਨੀਂਹ — 'ਗੱਪਸਤਾਨ'
— ਗਿਆਨੀ ਜ਼ੈਲ ਸਿੰਘ ਨੇ ਦਲ ਖਾਲਸਾ ਬਣਾ ਕੇ ਧਰੀ ?

● ਪੰਜਾਬ ਵਿਚ ਹਨੇਰਾ — ਰੇਅ
— ਕਾਂਗਰਸੀਆਂ (ਖਾਲਿਸਤਾਨੀਆਂ) ਦੀ ਦੇਣ ਹੈ !

● ਸੁਲਾਹ ਹੋਏਗੀ ?
— ਸੁਲਾਹ ਸਮੇਂ ਪੁਲਸੀਏ ਨਾਲ ਲੈ ਕੇ ਜਾਓਗੇ ?

● ਭਰੀਆਂ ਬੱਸਾਂ ਉਡਾਉਣ ਦੀ ਸਕੀਮ ਫੇਅਲ ਹੋ ਗਈ
— ਵੇਲੇ ਸਿਰ ਡਾਲਰ ਨਹੀਂ ਪਹੁੰਚੇ ਹੋਣੇ !

● ਹਿੰਸਕ ਕਾਰਵਾਈਆਂ ਨੁਕਸਾਨਦੇਹ
— ਫਿਰ ਅਤਿਵਾਦੀਆਂ ਦੀ ਝੋਲੀ ਕਿਉਂ ਚੁਕਦੇ ਹੋ ?

● ਕਾਗਜ਼ ਦਾ ਟੁਕੜਾ !
— ਏਹੀ ਮੰਗਣ ਤੁਹਾਡਾ 'ਰਾਜਦੂਤ' ਨਿੱਤ ਸਰਕਾਰੀ ਦਫਤਰ ਜਾਂਦਾ ਹੈ !

● ਅਮਰੀਕਨ ਸੁੱਤੇ ਰਹੇ
— ਤੇ ਗਵਰਨਰ ਜਨਰਲ ਵਿਚਾਰਾ ਸਾਰੀ ਰਾਤ ਚਾਹ ਦੀਆਂ ਖਾਲੀ ਪਿਆਲੀਆਂ ਧੋਂਦਾ ਰਿਹਾ।

● ਖਾਲਿਸਤਾਨ ਦੀ ਜੋਤ
— ਅਮਰੀਕਨ ਡਾਲਰਾਂ ਨਾਲ ਜਗਦੀ ਹੈ ?

● ਦਰਿਆ ਵਿਚੋਂ ਚੈਕ ਮਿਲੇ
— ਫੇਰ ਤੇ ਮੌਜਾਂ ਬਣ ਗਈਆਂ 'ਫੌਜੀਆ'!

● ਕੌਂਸਲ ਚੋਣਾਂ 'ਚ ਸੁਨਹਿਰੀ ਮੌਕਾ
— ਹੁਣ ਤਾਂ ਸੋਨਾ ਹੀ ਪਿੱਤਲ ਬਣ ਗਿਆ ਪਿਆਰਿਓ !

● ਬੜੀ ਸਿੱਧੀ ਜਿਹੀ ਗੱਲ ਹੈ ....
— ਕਿ ਸਾਨੂੰ ਡਾਲਰ ਫੜਾਓ ਤੇ ਜੋ ਮਰਜ਼ੀ ਛਪਵਾਓ, ਠੀਕ ਹੈ ਨਾ 'ਧਾਰਮਿਕ' ਪੁਰਸ਼ੋ !

● ਗੁਪਤ ਦਾਨ ......
— ਆਖਰ ਸੱਚ ਪਰਦੇ ਪਾੜ ਕੇ ਬਾਹਰ ਆ ਜਾਂਦਾ ਹੈ !

● ਵਿਅੰਗ .......
— ਲਿਖਣ ਤੋਂ ਪਹਿਲਾਂ ਵਿਅੰਗਕਾਰ ਆਪਣੀ ਪੀੜ੍ਹੀ ਥੱਲੇ ਵੀ ਸੋਟਾ ਫੇਰਦਾ ਹੈ ?

● ਸੰਗਤਾਂ ਨੂੰ ਅਪੀਲ
— ਕਿ ਦਾਨ ਜ਼ਰੂਰ ਦਿਓ ਪਰ ਹਿਸਾਬ ਕਿਤਾਬ ਪੁੱਛਣ ਦੀ ਸਾਥੋਂ ਗੁਸਤਾਖੀ ਨਾ ਕਰਿਓ !


GM WESTMINSTER

12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

ਗੁਰਜੀਤ ਬਾਵਾ ਢੀਂਡਸਾ

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜ਼ਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

● ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

BUS. 521-7731

Pager 687-1985 #5531

WESTMINSTER GM ਵਾਲਿਆਂ ਦੇ ਨਵੇਂ ਸ਼ੋਅਰੂਮ ਵਿਚ 1987 ਦੇ ਮਾਡਲ ਹੁਣ ਪਹੁੰਚ ਗਏ ਹਨ ਤੇ 1986 ਦੇ ਮਾਡਲਾਂ ਤੇ ਸੇਲ ਅਜੇ ਵੀ ਚੱਲ ਰਹੀ ਹੈ। ਨਵੇਂ ਸ਼ੋਅਰੂਮ ਵਿਚ ਆਓ ਤੇ ਸੇਲ ਦਾ ਫਾਇਦਾ ਉਠਾਓ!





ਗੁਰਜੀਤ ਢੀਂਡਸਾ ਬਾਵਾ

1983 ਤੇ 1985 ਦੇ ਗਰੈਂਡ ਸੇਲਜ਼ ਮਾਸਟਰ



RIVER SIDE AUTO MOTIVE LTD.

34374 VYE RD. ABBOTSFORD, B.C. V2S N42

ਐਬਟਸਫੋਰਡ ਵਿਖੇ ਹਰ ਪ੍ਰਕਾਰ ਦੀਆਂ ਕਾਰਾਂ ਦੀ ਸਸਤੀ ਤੇ ਤਸੱਲੀਬਖਸ਼ ਸਰਵਿਸ ਤੇ ਮੁਰੰਮਤ ਕਰਾਉਣ ਲਈ
ਸਾਨੂੰ ਸੇਵਾ ਦਾ ਮੌਕਾ ਦਿਓ
ਕਾਰ ਦੀ ਆਟੋ ਜਾਂ ਮਕੈਨੀਕਲ ਰਿਪੇਅਰ, ਬਾਡੀ, ਵਿੰਡਸ਼ੀਲਡ ਤੇ ਟਿਊਨ ਅਪ ਕਰਾਉਣ ਲਈ ਹਰ ਪ੍ਰਕਾਰ ਦੀ
ਗਰੰਟੀ ਦਿੱਤੀ ਜਾਂਦੀ ਹੈ।

All types of Auto Repairs, Body Work, Mechanical Repairs and Painting, Auto upholsitry and Windshields

ICBC claims accepted

RIVERSIDE

ਹੋਰ ਜਾਣਕਾਰੀ ਲਈ ਸੰਪਰਕ ਕਰੋ

(PAUL) Dhaliwal

Ph. Bus. (604) 852-1970 Res. 853-4257



B. (Paul) DHALIWAL

# ਯੂਬਾ ਸਿਟੀ ਗਾਈਡ



G S B

**TRAVEL**

2086 Live Oak Blvd., Suite D
Yuba City, CA 95991

ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਫ਼ਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ
ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ ਘੱਟ ਤੋਂ ਘੱਟ ਕਿਰਾਏ

671-6060 Open 7 Days a Week

*Great Service Is Our Business*

*Fully computerized for all your travel needs*



ਪ੍ਰੋਫੈਸ਼ਨਲ ਟਰੈਵਲ ਏਜੰਟਜ਼
ਵਿਉਪਾਰ ਜਾਂ ਮਨਪ੍ਰਚਾਵੇ ਲਈ ਸਫਰ ਕਰਨ ਲਈ ਪੂਰਾ ਪ੍ਰਬੰਧ ਹੈ

---

## ਜਾਇਦਾਦ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ?

ਕਿਸੇ ਪ੍ਰਕਾਰ ਦੀ ਜਾਇਦਾਦ ਖਰੀਦਣ ਜਾਂ ਵੇਚਣ ਤੋਂ ਪਹਿਲਾਂ ਮੁਫਤ ਪ੍ਰੋਫੈਸ਼ਨਲ ਸਲਾਹ ਮਸ਼ਵਰੇ ਲਈ ਫੂਨ ਕਰੋ

- **Homes**
- **Ranches**
- **Commercial**
- **Industrial**
- **Exchanges**

REALTOR®

**MLS**

**Domain Realty**

(916) 671-4817

Broker: Dr. Gulzar S. Johl
2086 Live Oak Blvd.
Suite C
Yuba City, CA 95991

---

*Fly any Air Line of Your Choice*

**Travel Concepts**

Full Service Travel Agency
Air Line Tickets to anywhere in the World

- **Bargain Flights**
- **Special Round Trip Fares**
- **Low, low economic fares**
- **Passport Visas**
- **Notary Public**
- **Passport pictures 5 minute service**





ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜਾਣਾ ਹੈ ਤਾਂ ਹਰ
ਇਕ ਏਅਰਲਾਈਨ ਦੀਆਂ ਸਸਤੀਆਂ ਟਿਕਟਾਂ ਸਾਥੋਂ ਲਵੋ

459 Palora Ave. Yuba City, CA 95901

(916) 671-3922

---

Large Selection of
Punjabi Books
For Sale

# SARI PALACE

Airline Tickets to
Anywhere in the World
Passport • Visas

ਸੂਟਾਂ ਦਾ ਕੱਪੜਾ, ਸਾੜ੍ਹੀਆਂ, ਦੁਪੱਟੇ, ਭਾਰਤੀ ਗਰੌਸਰੀ, ਹਿੰਦੀ
ਪੰਜਾਬੀ ਵੀਡੀਓ ਫਿਲਮਾਂ ਅਤੇ ਗੀਤਾਂ ਦੀਆਂ ਭਰੀਆਂ ਟੇਪਾਂ ਬਹੁਤ ਹੀ ਵਾਜ਼ਬ ਕੀਮਤਾਂ
ਤੇ ਮਿਲਦੀਆਂ ਹਨ। ਪੈਪਸੀ ਕੋਲਾ, ਸੈਵਨ ਅਪ ਤੇ ਹੋਰ ਹਰ ਤਰ੍ਹਾਂ ਦਾ ਸੋਦਾ ਤੁਹਾਨੂੰ
ਸਾੜ੍ਹੀ ਫੈਸ਼ਨ ਤੋਂ ਮਿਲ ਸਕਦਾ ਹੈ।

East Indian and Pakistani Grocieries.
We rent Hindi and Punjabi movies on V.H.S.
Have large selection of pre-recorded
Punjabi and Hindi cassette tapes & fabrics

News Papers Like
!ndia West, Canada DarPan,
Also Sold Here
EVERY WEEK

(916) 671-3105

472 Palora Ave.
Yuba City
Calif. 95991

# ਵਿਆਹਾਂ ਦੇ ਮਾਮਲੇ ’ਤੇ ਰੇਡੀਓ ਉਪਰ ਖੁਲ੍ਹੀ ਚਰਚਾ 7 ਨੂੰ

ਸਰੀ — 7 ਫਰਵਰੀ, 1987 ਦੇ ‘ਸਮੇਂ ਦੀ ਆਵਾਜ਼’ ਰੇਡੀਓ ਪ੍ਰੋਗਰਾਮ ‘ਚ ਮਾਂ ਪਿਓ ਰਾਹੀਂ ਹੋ ਰਹੇ ਵਿਆਹਾਂ ਦੇ ਫਾਇਦਿਆਂ ਅਤੇ ਕੁਰੀਤੀਆਂ ਨੂੰ ਲੈ ਕੇ ਖੁੱਲ੍ਹੀ ਚਰਚਾ ਹੋਵੇਗੀ। ਟੈਲੀਫੋਨ ਲਾਈਨ ’ਤੇ ਹਰ ਕੋਈ ਇਸ ਸਬੰਧ ’ਚ ਆਪਣੇ ਵਿਚਾਰ ਦੱਸ ਸਕਦਾ ਹੈ।

ਇਸ ਪ੍ਰੋਗਰਾਮ ਦੇ ਪ੍ਰੋਡਿਊਸਰ ਚਰਨਪਾਲ ਗਿੱਲ ਅਨੁਸਾਰ ਕੁਝ ਮਾਪਿਆਂ ਦਾ ਯਕੀਨ ਹੈ ਕਿ ਆਪਣੇ ਬੱਚਿਆਂ ਦੇ ਵਿਆਹਾਂ ਵਾਰੇ ਫੈਸਲਾ ਕਰਨਾ ਉਨ੍ਹਾਂ ਦਾ ਨੈਤਿਕ ਹੱਕ ਹੈ। ਦੂਜੀ ਪੀੜ੍ਹੀ ’ਚੋਂ ਬਹੁਤੇ ਮਾਂ ਪਿਓ ਦੇ ਇਸ ਹੱਕ ਦਾ ਵਿਰੋਧ ਕਰਦੇ ਹਨ। ਨੌਜਵਾਨ ਪੀੜ੍ਹੀ ਇਸ ਵਿਚਾਰ ਨੂੰ ਖੁਲ੍ਹੇ ਆਮ ਚੈਲੰਜ ਕਰਨ ਲੱਗ ਪਈ ਹੈ ਅਤੇ ਮਹਿਸੂਸ ਕਰਦੀ ਹੈ ਕਿ ਮਾਪਿਆਂ ਨੂੰ ਸਦੀਆਂ ਪੁਰਾਣੀਆਂ ਇਨ੍ਹਾਂ ਰੀਤੀਆਂ ਨੂੰ ਛੱਡ ਦੇਣਾ ਚਾਹੀਦਾ ਹੈ। ਕਈ ਅਜਿਹੇ ਨੌਜਵਾਨ ਜੋ ਇਸ ਦਾ ਵਿਰੋਧ ਨਾ ਕਰ ਸਕੇ ਖੁਦਕਸ਼ੀ ਦਾ ਸ਼ਿਕਾਰ ਹੋਏ। ਪਿਛਲੇ ਦੋ ਸਾਲਾਂ ’ਚ ਦਸ ਕੁੜੀਆਂ ਮੁੰਡੇ ਮਾਪਿਆਂ ਦੀ ਇੱਛਾ ਦਾ ਪਾਲਣ ਨਾ ਕਰਨ ਕਰਕੇ ਮੌਤ ਦਾ ਸ਼ਿਕਾਰ ਹੋਏ ਹਨ।

ਇਸ ਪ੍ਰੋਗਰਾਮ ’ਚ ਇਸ ਜ਼ਰੂਰੀ ਮਸਲੇ ਦੇ ਸਬੰਧ ’ਚ ਵਿਚਾਰ ਕੀਤਾ ਜਾਏਗਾ। ਸਰੋਤਿਆਂ ਦਾ ਇਸ ਪ੍ਰੋਗਰਾਮ ’ਚ ਉਤਸ਼ਾਹ ਇਹਨੂੰ ਹੋਰ ਰੌਚਕ ਬਣਾਏਗਾ।

ਇਹ ਪ੍ਰੋਗਰਾਮ ਵੈਨਕੂਵਰ ਕੋ-ਆਪਰੇਟਿਵ ਰੇਡੀਓ ਤੋਂ 102.7 FM ’ਤੇ 7 ਫਰਵਰੀ ਨੂੰ ਸ਼ਾਮ 3 ਵਜੇ ਤੋਂ ਲੈ ਕੇ 4 ਵਜੇ ਤੱਕ ਹੋਵੇਗਾ।

ਹੋਰ ਜਾਣਕਾਰੀ ਲਈ ਚਰਨਪਾਲ ਗਿੱਲ ਨੂੰ 576-2307 ’ਤੇ ਫੋਨ ਕੀਤਾ ਜਾ ਸਕਦਾ ਹੈ।

# ਭਾਰਤੀ ਸਿਨਮਾ ਨਿਵਾਣਾ ਵੱਲ — ਹਰੀਸ਼

ਨਵੀਂ ਦਿੱਲੀ — ਸਿਨਮਾ ਸਮਾਜ ਨੂੰ ਬਦਲ ਨਹੀਂ ਸਕਦਾ ਲੇਕਿਨ ਸਮਾਜਿਕ ਮਾਮਲਿਆ ਬਾਰੇ ਲੋਕਾਂ ਨੂੰ ਵਧੇਰੇ ਜਾਗ੍ਰਿਤ ਕਰ ਸਕਦਾ ਹੈ। ਇਹ ਗੱਲ ਕੌਮੀ ਫਿਲਮ ਵਿਕਾਸ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਹਰੀਸ਼ ਮੁਖਰਜੀ ਵਲੋਂ 11ਵੇਂ ਆਲਮੀ ਫਿਲਮੀ ਮੇਲੇ ਬਾਰੇ ਬੋਲਦਿਆਂ ਆਖੀ ਗਈ। ਉਹਨਾਂ ਆਖਿਆ ਕਿ ਸਿਨਮਾ ਸਮਾਜ ਨੂੰ ਚੰਗੇ ਪਾਸੇ ਵੱਲ ਵੀ ਤੇ ਭੈੜੇ ਪਾਸੇ ਵਲ ਵੀ ਤੋਰ ਸਕਦਾ ਹੈ। ਸਿਨਮਾ ਰਾਹੀਂ ਸਮਾਜ ਨੂੰ ਚੰਗੇ ਪਾਸੇ ਲਿਜਾਣ ਦਾ ਕੰਮ ਚੰਗੇ ਤਿਆਗੀ ਫਿਲਮ ਡਾਇਰੈਕਟਰਾਂ ਰਾਹੀਂ ਬਣਾਈਆਂ ਜਾਣ ਵਾਲੀਆਂ ਵਧੀਆ ਫਿਲਮਾਂ ਰਾਹੀਂ ਹੀ ਹੋ ਸਕਦਾ ਹੈ। ਉਹਨਾਂ ਕਿਹਾ ਕਿ ਚੰਗੀਆਂ ਫਿਲਮਾਂ ਸਮੇਂ ਦੀ ਮੁੱਖ ਲੋੜ ਹੈ। ਭਾਰਤੀ ਸਿਨਮਾ, ਉਹਨਾਂ ਅਨੁਸਾਰ ਨਿਵਾਣਾ ਵੱਲ ਜਾ ਰਿਹਾ ਹੈ ਪਰ ਇਹ ਪੜਾਅ ਆਰਜੀ ਹੈ ਤੇ ਛੇਤੀ ਹੀ ਭਲੇ ਦੀ ਆਸ ਕੀਤੀ ਜਾ ਸਕਦੀ ਹੈ। ਸ੍ਰੀ ਮੁਖਰਜੀ ਨੇ 1954 ਵਿਚ ਬਤੌਰ ਪ੍ਰਯੋਗਸ਼ਾਲਾ ਸਹਾਇਕ ਦੇ ਰੂਪ ਵਿਚ ਆਪਣਾ ਭਵਿੱਖ ਕਲਕੱਤੇ ਤੋਂ ਸ਼ੁਰੂ ਕੀਤਾ ਸੀ ਤੇ ਬਾਅਦ ਵਿਚ ਉਹ ਆਨੰਦ, ਨਮਕ ਹਰਾਮ, ਖੂਬ ਸੂਰਤ, ਤੇ ਝੂਠ ਜਹੀਆਂ ਫਿਲਮਾਂ ਬਣਾ ਕੇ ਇਕ ਸਫਲ ਡਾਇਰੈਕਟਰ ਦੇ ਰੂਪ ਵਿਚ ਉਭਰੇ ਜਿਹਨਾਂ ਕਲਾਤਮਕ ਤੇ ਵਪਾਰਿਕ ਫਿਲਮਾਂ ਵਿਚ ਨਿਖੇੜੇ ਦਾ ਵਿਰੋਧ ਕੀਤਾ। ਉਹਨਾਂ ਨਵੇਂ ਨੌਜੁਆਨ ਡਾਇਰੈਕਟਰਾਂ ਵਿਚ ਗੁਪਾਲ ਕਰਿਸ਼ਨਨ, ਉਪਲੇਦੂ ਚੱਕਰਵਰਤੀ ਤੇ ਕੇਤਨ ਮਹਿਤਾ ਜਿਹੇ ਨਾਵਾਂ ਦਾ ਜ਼ਿਕਰ ਕੀਤਾ। ਉਹਨਾਂ ਇਹ ਵੀ ਕਿਹਾ ਕਿ ਦੇਸ਼ ਅੰਦਰ ਸਿਆਸੀ ਫਿਲਮਾਂ ਦੀ ਘਾਟ ਹੈ। ਟੀ. ਵੀ. ਬਾਰੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਇਹ ਸਿਨਮਾ ਲਈ ਵਰਦਾਨ ਦਾ ਕੰਮ ਕਰ ਰਿਹਾ ਹੈ।

# ਪੰਜਾਬੀ ਲੇਖਕ ਮੰਚ ਵੈਨਕੂਵਰ

## ਸਾਹਿਤਕ ਇਕੱਤਰਤਾ — ਜਨਵਰੀ, 1987

ਲੇਖਕ ਮੰਚ ਦੀ 1987 ਦੀ ਪਹਿਲੀ ਇਕੱਤਰਤਾ 24 ਜਨਵਰੀ ਨੂੰ ਲਿਟਲ ਮਾਉਂਨਟੇਨ ਨੇਬਰਹੁੱਡ ਹਾਊਸ, ਵੈਨਕੂਵਰ ਵਿਚ ਹੋਈ ਜਿਸ ਵਿਚ : ਸੁਖਵੰਤ ਹੁੰਦਲ, ਸਾਧੂ, ਗੁਰਚਰਨ ਰਾਮਪੁਰੀ, ਗੁਰਚਰਨ ਟੱਲੇਵਾਲੀਆ, ਦਰਸ਼ਨ ਗਿੱਲ ਅਤੇ ਅਜਮੇਰ ਰੋਡੇ ਨੇ ਭਾਗ ਲਿਆ।

**1987 ਵਿਚ ਮੰਚ ਦੀਆਂ ਕਾਰਵਾਈਆਂ ਲਈ ਦੋ ਨਵੇਂ ਕੋਆਰਡੀਨੇਟਰ ਨਿਯੁਕਤ ਕੀਤੇ ਗਏ : ਦਰਸ਼ਨ ਗਿੱਲ, ਅਜਮੇਰ ਰੋਡੇ।**

ਗੁਰਚਰਨ ਰਾਮਪੁਰੀ ਨੇ ਦੱਸਿਆ ਕਿ ਉਨ੍ਹਾਂ ਦੀ ਪੁਸਤਕ “ਕਤਲੇਗਾਹ” ਉਤੇ ਭਾਰਤ ਵਿਚ ਰਾਮਪੁਰ ਲੇਖਕ ਸਭਾ ਵੱਲੋਂ ਇਕ ਸਮਾਗਮ ਕੀਤਾ ਜਾ ਰਿਹਾ ਹੈ ਜਿਸ ਵਿਚ “ਕਤਲਗਾਹ” ਉਤੇ ਅੱਡ ਅੱਡ ਲੇਖਕਾਂ ਵੱਲੋਂ ਲਿਖੇ ਤਿੰਨ ਪਰਚੇ ਪੜ੍ਹੇ ਜਾਣਗੇ। ਗੁਰਚਰਨ ਹੋਰਾਂ ਨੇ ਆਪਣੇ ਵੱਲੋਂ ਲਿਖਿਆ ਇਕ ਸੰਦੇਸ਼ਾ ਪੜ੍ਹ ਕੇ ਸੁਣਾਇਆ ਜੋ ਉਹ ਆਪਣੇ ਵੱਲੋਂ ਟੇਪ ਕਰਕੇ ਸਮਾਗਮ ਵਿਚ ਪੜ੍ਹੇ ਜਾਣ ਲਈ ਭੇਜ ਰਹੇ ਹਨ। ਸੰਦੇਸ਼ ਦੇ ਅੰਤ ਉਤੇ ਪੁਸਤਕ ਵਿਚੋਂ ਇਕ ਨਜ਼ਮ ਵੀ ਹੋਵੇਗੀ :

ਕੱਲ੍ਹ ਜੋ ਨਿਰਦੋਸ਼ ਮੋਏ
ਮੈਂ ਉਨ੍ਹਾਂ ਖਾਤਰ ਸੀ ਰੋਇਆ
ਅੱਜ ਜੋ ਨਿਰਦੋਸ਼ ਮੋਏ
ਮੈਂ ਉਨ੍ਹਾਂ ਖਾਤਰ ਵੀ ਰੋਇਆ

ਅਜਮੇਰ ਰੋਡੇ ਨੇ ਆਪਣੀ ਨਵੀਂ ਲਿਖੀ ਲੰਬੀ ਕਵਿਤਾ ‘ਉਦਾਸੀਆਂ’ ਪੜ੍ਹਕੇ ਸੁਣਾਈ। ਕਵਿਤਾ ਗੁਰੂ ਨਾਨਕ ਦੇਵ ਅਤੇ ਮਰਦਾਨੇ ਦੀਆਂ ਉਦਾਸੀਆਂ ਨਾਲ ਸ਼ੁਰੂ ਹੁੰਦੀ ਹੈ :

ਟੁੱਟੀ ਨੀਂਦ ਰਬਾਬੋਂ ਮਿੱਠੀ
ਤੜਕਸਾਰ ਬੂਹੇ ’ਤੇ ਦਸਤਕ ਕਿਸ ਨੇ ਦਿੱਤੀ ?
ਟੁੱਟੇ ਸੁਪਨਿਆਂ ਦੇ ਨਿੱਕਸੁੱਕ ’ਚੋਂ
ਕਰਕੇ ਸੁਰਤ ਇਕੱਠੀ
ਮਰਦਾਨੇ ਅੱਖ ਪੁੱਟੀ।

ਕਵਿਤਾ ਵਿਚ ਵਿਸ਼ਵ ਦੇ ਅੱਡ ਅੱਡ ਦੇਸ਼ਾਂ ਵਿਚ ਵਰਤਮਾਨ ਸਮੇਂ ਦੀ ਗਰੀਬੀ ਦਾ ਚਿਤਰਣ ਕੀਤਾ ਗਿਆ ਹੈ।

ਸਾਧੂ ਨੇ ਇਕ ਨਵੀਂ ਲਿਖੀ ਵਿਅੰਗਾਤਮਕ ‘ਰੇਡੀਓ ਇੰਟਰਵੀਊ’ ਪੜ੍ਹੀ। ਰੇਡੀਓ ਸ਼ੋਅ ਦਾ ਹੋਸਟ ਇਕ ਸਜਣ ਕੈਨੇਡਾ ਸਿੰਘ ਨਾਲ ਇੰਡੋ-ਕੈਨੇਡੀਅਨ ਕਮਿਊਨਿਟੀ ਬਾਰੇ ਇੰਟਰਵੀਊ ਕਰਦਾ ਹੈ। ਦੋਹਾਂ ਨੇ ਆਪਣੀ ਆਪਣੀ ਜ਼ਮੀਰ ਵੇਚੀ ਹੋਈ ਹੈ। ਕੈਨੇਡਾ ਸਿੰਘ — ਜੋ ਕਿ ਹੁਣ ਕਮਿਊਨਿਟੀ ਵਿਚ ਪਤਵੰਤਾ ਬਣਿਆ ਹੋਇਆ ਹੈ, ਦੱਸਦਾ ਹੈ ਕਿ ਕਿਵੇਂ ਗ਼ਦਰ ਲਹਿਰ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਨੇ ਕਮਿਊਨਿਟੀ ਦੀ ‘ਭਲਾਈ’ ਖਾਤਰ ‘ਸੁਨਹਿਰੀ’ ਕਾਰਨਾਮੇ ਕੀਤੇ। ਰੇਡੀਓ ਹੋਸਟ ਕੈਨੇਡਾ ਸਿੰਘ ਤੋਂ ਵੀ ਵੱਧ ਮੌਕਾਪ੍ਰਸਤ ਹੈ ਜੋ ਸਭ ਕੁਝ ਜਾਣਦਿਆਂ ਬੁਝਦਿਆਂ ਉਸਨੂੰ ਆਪਣੇ ਪ੍ਰੋਗਰਾਮ ਲਈ ਵਰਤਦਾ ਹੈ। ਇੰਟਰਵੀਊ ਦੇ ਵਿਚ ਕਮਰਸ਼ਲ ਬਰੇਕ ਵੀ ਦਿਲਚਸਪ ਹਨ।

ਇਕੱਤਰਤਾ ਵਿਚ ਅਜਮੇਰ ਰੋਡੇ ਦੀ ਅੰਗਰੇਜ਼ੀ ਕਵਿਤਾ ਦੀ ਨਵੀਂ ਪ੍ਰਕਾਸ਼ਤ ਹੋਈ ਪੁਸਤਕ ‘Blue Meditations’ ਦਾ ਵੀ ਪ੍ਰੀਚਯ ਕਰਵਾਇਆ ਗਿਆ। ਪੁਸਤਕ ਕੈਨੇਡਾ ਦੇ ਮਲਟੀਕਲਚਰਲ ਡੀਪਾਰਟਮੈਂਟ ਵਲੋਂ ਸਪੋਰਟ ਕੀਤੀ ਗਈ ਹੈ ਅਤੇ ਓਨਟੇਰੀਓ ਦੇ Third Eye Publications ਵੱਲੋਂ ਪ੍ਰਕਾਸ਼ਤ ਕੀਤੀ ਗਈ ਹੈ।

ਦਰਸ਼ਨ ਗਿੱਲ ਨੇ ਜੂਨ-ਜੁਲਾਈ ਵਿਚ ਇੰਗਲੈਂਡ ਦੇ ਲੇਖਕ ਰਘੁਬੀਰ ਢੰਡ ਦੇ ਵੈਨਕੂਵਰ ਆਉਣ ਦਾ ਪ੍ਰੋਗਰਾਮ ਦੱਸਿਆ। ਸ਼ਾਇਦ ਇੰਗਲੈਂਡ ਦੇ ਹੋਰ ਲੇਖਕ ਵੀ ਆਉਣ। ਇਸ ਸਮੇਂ ਲੇਖਕ ਮੰਚ ਵਲੋਂ ਇਕ ਕਵੀ ਦਰਬਾਰ ਆਯੋਜਤ ਕਰਨ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਕੈਨੇਡਾ ਅਤੇ ਅਮਰੀਕਾ ਦੇ ਲੇਖਕਾਂ ਨੂੰ ਵੀ ਸੱਦਾ ਪੱਤਰ ਦੇਣ ਬਾਰੇ ਸੋਚਿਆ ਗਿਆ। ਇਸ ਸਮਾਗਮ ਦਾ ਪ੍ਰੋਗਰਾਮ ਅਗਲੀ ਮੀਟਿੰਗ ਵਿਚ ਵਿਸਥਾਰ ਨਾਲ ਵਿਚਾਰਨ ਦਾ ਫੈਸਲਾ ਕੀਤਾ ਗਿਆ।

ਮੰਚ ਦੀ ਅਗਲੀ ਮੀਟਿੰਗ ’ਤੇ 10 ਡਾਲਰ ਮੈਂਬਰਸ਼ਿਪ ਫੀਸ ਵੀ ਇਕੱਠੀ ਕਰਨ ਦਾ ਫੈਸਲਾ ਹੋਇਆ। ਅਗਲੀ ਮੀਟਿੰਗ ਸ਼ੁਕਰਵਾਰ, 13 ਫ਼ਰਵਰੀ ਨੂੰ ਸਾਢੇ ਸੱਤ ਵਜੇ ਸ਼ਾਮ ਦੇ ਸਮੇਂ ਦਰਸ਼ਨ ਗਿੱਲ ਦੇ ਘਰ 15280 - 96 ਐਵੇਨੀਊ ਸਰੀ ਵਿਚ ਹੋਵੇਗੀ। ਹੋਰ ਜਾਣਕਾਰੀ ਲਈ ਫ਼ੋਨ :

581-4473 ਜਾਂ 276-2735

—ਅਜਮੇਰ ਰੋਡੇ।

# ਬਰਤਾਨੀਆ ਵਿਚ ਲਾਵਾਂ ਮਹਿੰਗੀਆਂ

ਲੰਡਨ — ਬਰਤਾਨੀਆ ਵਿਖੇ 1400 ਬਰਤਾਨਵੀ ਜੋੜਿਆਂ ਦੇ ਵਿਆਹ ਤੇ ਘਰ ਉਸਾਰਨ ਸਬੰਧੀ ਇਕ ਸਰਵੇ ਰਿਪੋਰਟ ’ਚ ਦੱਸਿਆ ਗਿਆ ਹੈ ਕਿ ਬਰਤਾਨੀਆ, ਵਿਆਹ ਦੇ ਮਾਮਲੇ ਵਿਚ ਦੁਨੀਆਂ ਦਾ ਸਭ ਤੋਂ ਵੱਧ ਖਰਚੀਲਾ ਸ਼ਹਿਰ ਹੈ ਜਿੱਥੇ ਇਕ ਜੋੜੇ ਨੂੰ ਵਿਆਹ ਉਪਰੰਤ ਆਪਣਾ ਘਰ ਲੈਣ ਜਾਂ ਉਸਾਰਨ ਵਾਸਤੇ 5000 ਪੌਂਡ ਦੀ ਜ਼ਰੂਰਤ ਪੈਂਦੀ ਹੈ। ਸਰਵੇ ਅਨੁਸਾਰ ਯਾਰਕ ਸ਼ਹਿਰ ਇਸ ਪੱਖੋਂ ਸਸਤਾ ਸ਼ਹਿਰ ਹੈ ਜਿੱਥੇ ਇਹ ਖਰਚ 3000 ਪੌਂਡ ਦੱਸਿਆ ਗਿਆ ਹੈ।


ਸੁਪਰ ਫੋਟੋ ਸਟੂਡੀਓ

Passport Photos 5 Mins. Service

Quality Portraits

Our Bussiness Weddings



Super Photo Studio

9375 - 120th St. (Scott Rd.) Delta

Memories Restored

ਅਸੀਂ ਪੁਰਾਣੀਆਂ ਫਟੀਆਂ ਫੋਟੋਆਂ ਮੁੜ ਨਵੀਆਂ ਕਰਦੇ ਹਾਂ — ਬਲੈਕ ਐਂਡ ਵਾਈਟ ਫੋਟੋਆਂ ਕੱਲਰ ਕੀਤੀਆਂ ਜਾਂਦੀਆਂ ਹਨ

Off. 589-4668
Res. 596-3770



MOGUL GARDENS
RESTAURANT



We cater to large private parties

Take-Out Available

The most affordable in
Tandori (clay-oven) dishes

We serve classical East-Indian
Food with good service. . .

Speciality Foods being baked in a charcoal clay-oven
'The Tandoor' is its perfection and flavour

Fully Licensed    Free Parking (after 6 p.m.)

801 Beach Ave. (1 blk. south of Pacific)
684-5886

Gourmet Varities include Butter Chicken, Vegetarian foods, Sea food and Meat, Curries, Nan and Paraunthe

Luncheon - Buffet - Weekdays $5.95

Brunch - Weekends

Dinner - Parties




Mugul Gardens

Free Parking (after 6 pm)

# 4 ਪ੍ਰੋਫੈਸਰਾਂ ਨੂੰ ਮਾਰਨ ਦੀ ਧਮਕੀ

ਬੈਰੂਤ — ਲਿਬਨਾਨ 'ਚ ਪਿਛਲੇ ਹਫਤੇ ਅਗਵਾ ਕੀਤੇ ਤਿੰਨ ਅਮਰੀਕਨ ਅਤੇ ਇਕ ਭਾਰਤੀ ਪ੍ਰੋਫੈਸਰ ਦੇ ਅਗਵਾਕਾਰਾਂ ਨੇ ਧਮਕੀ ਦਿੱਤੀ ਹੈ ਕਿ ਜੇ ਇਸਰਾਈਲ ਦੀਆਂ ਜੇਲ੍ਹਾਂ 'ਚ ਬੰਦ 400 ਫਲਸਤੀਨੀਆਂ ਨੂੰ ਰਿਹਾ ਨਾ ਕੀਤਾ ਗਿਆ ਤਾਂ ਇਨ੍ਹਾਂ ਚਾਰ ਪ੍ਰੋਫੈਸਰਾਂ ਨੂੰ ਮਾਰ ਦਿੱਤਾ ਜਾਏਗਾ ।

ਫਲਸਤੀਨ ਦੀ ਆਜ਼ਾਦੀ ਲਈ ਲੜ ਰਹੀ ਇਸਲਾਮਿਕ ਜਹਾਦ ਨੇ ਇਹ ਧਮਕੀ ਬੈਰੂਤ 'ਚ ਇਕ ਹੱਥ ਲਿਖਤ ਬਿਆਨ 'ਚ ਨਿਊਜ਼ ਮੀਡੀਆ ਨੂੰ ਜਾਰੀ ਕੀਤੀ । ਇਸ ਬਿਆਨ 'ਚ ਚਾਰ ਵਿਚੋਂ ਦੋ ਅਮਰੀਕਨਾਂ ਦੀਆਂ ਫੋਟੋ ਵੀ ਦਿਖਾਈਆਂ ਗਈਆਂ ਹਨ ।

ਬੀਤੀ 24 ਜਨਵਰੀ ਨੂੰ ਗੰਨਮੈਨਾਂ ਨੇ ਬੈਰੂਤ ਯੂਨੀਵਰਸਿਟੀ ਕਾਲਜ 'ਚ ਦਾਖਲ ਹੋ ਕੇ ਇਨ੍ਹਾਂ ਪ੍ਰੋਫੈਸਰਾਂ ਨੂੰ ਅਗਵਾ ਕਰ ਲਿਆ ਸੀ। ਭਾਰਤੀ ਮੂਲ ਦੇ ਪ੍ਰੋਫੈਸਰ ਦਾ ਨਾਂ ਮਿਥਲੇਸ਼ਵਰ ਸਿੰਘ ਹੈ ਅਤੇ ਹੁਣ ਉਹ ਅਮਰੀਕਾ ਦਾ ਸ਼ਹਿਰੀ ਹੈ ।

ਖਬਰਾਂ ਅਨੁਸਾਰ ਇਸਰਾਈਲ ਨੇ 400 ਫਲਸਤੀਨੀਆਂ ਨੂੰ ਰਿਹਾ ਕਰਨ ਦੀ ਮੰਗ ਰੱਦ ਕਰ ਦਿੱਤੀ ਹੈ ।

# ਬੀ. ਸੀ. ਸੰਘਰਸ਼ ਸੰਮਤੀ ਵਲੋਂ ਪ੍ਰੈਸ ਰੀਲੀਜ਼

ਕਮੇਟੀ ਫਾਰ ਹਿਸਟੋਰੀਕਲ ਟਰੁਥ ਵੱਲੋਂ ਪ੍ਰਕਾਸ਼ਤ ਕੀਤੇ ਜਾਂਦੇ ਪਰਚੇ ਇਨਸਾਈਟ ਰਾਹੀਂ ਜ਼ੁੰਡਲ ਅਤੇ ਕੀਗਸਟਰਾ ਦੇ ਪਿਛਲੱਗ ਬੀ. ਸੀ. ਵਿਚ ਨਫਰਤ ਭਰਿਆ ਸਾਹਿਤ ਵੰਡ ਰਹੇ ਹਨ ।

ਬੀ. ਸੀ. ਓ. ਐਫ. ਆਰ. ਸਮਝਦੀ ਹੈ ਕਿ ਭਾਵੇਂ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਇਹ ਗੈਰ ਕਾਨੂੰਨੀ ਨਹੀਂ ਪਰ ਇਹ ਲੋਕਾਂ ਲਈ ਗੈਰ-ਸਮਾਜਕ, ਗੈਰ-ਸਿਹਤਮੰਦ ਅਤੇ ਨੁਕਸਾਨਦੇਹ ਹੈ । ਇਹਦੀ ਭਾਵਨਾ ਖਾਸ ਗਰੁੱਪਾਂ ਦੀ ਬਦਨਾਮੀ ਕਰਨਾ ਹੈ । ਇਹ ਪ੍ਰਚਾਰ ਅਰਾਜਕਤਾ ਫੈਲਾਉਣ ਲਈ ਕਾਫੀ ਹੈ ਅਤੇ ਬੀ. ਸੀ. ਵਿਚ ਨਸਲੀ ਸਬੰਧਾਂ ਦੇ ਉਸਾਰੂ ਮਹੌਲ ਨੂੰ ਖਰਾਬ ਕਰਨ ਲਈ ਲੋੜੀਂਦਾ ਮਹੱਤਵ ਰੱਖਦਾ ਹੈ ।

9 ਫਰਵਰੀ ਨੂੰ ਸ਼ਾਮ ਦੇ 7 ਵਜੇ ਨਿਊਵੈਸਟਮਿਨਸਟਰ ਸ਼ਹਿਰ ਦੀ ਕੌਂਸਲ ਨੂੰ ਆਪਣਾ ਪੱਖ ਪੇਸ਼ ਕਰਨ ਲਈ ਬੀ. ਸੀ. ਆਫਰ ਮਿਲ ਰਹੀ ਹੈ। ਇਸ ਸ਼ਹਿਰ ਨੂੰ ਨਸਲੀ ਗਰੁੱਪ ਮੇਲ ਐਡਰੈਸ ਲਈ ਵਰਤ ਰਿਹਾ ਹੈ। ਇਸ ਸ਼ਹਿਰ ਵਿਚ ਨਸਲਵਾਦ ਵਿਰੋਧੀ ਕਾਨੂੰਨ ਪਾਸ ਕਰਨ ਲਈ ਪਬਲਿਕ ਐਲਾਨ ਕਰਕੇ ਨਸਲੀਆਂ ਨੂੰ ਸਪਸ਼ਟ ਸੰਦੇਸ਼ ਦੇ ਕੇ ਕੌਂਸਲ ਨੂੰ ਅਸੀਂ ਕਹਾਂਗੇ ਕਿ ਇਕ ਰੇਸ ਰੀਲੇਸ਼ਨਜ਼ ਕਮੇਟੀ ਸਥਾਪਤ ਕਰੇ । ਵੈਨਕੂਵਰ ਵਿਚ ਵੀ ਅਜਿਹੀ ਕਮੇਟੀ ਨਸਲੀਆਂ ਦੀਆਂ ਕਾਰਵਾਈਆਂ ਨੂੰ ਰੋਕਣ ਲਈ ਬਣੀ ਹੋਈ ਹੈ । ਹੋਰ ਸੂਚਨਾ ਲਈ ਫੋਨ ਕਰੋ ਚਰਨਪਾਲ ਗਿਲ — 576-2307

# ਬੀ ਬੀ ਸੀ ਬੌਸ ਮੁਸਤਫੀ

ਲੰਡਨ — ਬੀ ਬੀ ਸੀ ਦੇ ਡਾਇਰੈਕਟਰ ਜਨਰਲ ਅਲਸਡੇਅਰ ਮਿਲਨੇ ਨੇ ਖਬਰਾਂ 'ਚ ਪੱਖਪਾਤ ਦਾ ਦੋਸ਼ ਲੱਗਣ 'ਤੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ।

ਬੀ ਬੀ ਸੀ ਦੇ ਇਕ ਬਿਆਨ ਅਨੁਸਾਰ 56 ਸਾਲਾ ਮਿਲਨੇ ਨੇ ਘਰੇਲੂ ਕਾਰਨਾਂ ਕਰਕੇ ਅਸਤੀਫਾ ਦਿਤਾ ਹੈ। ਮਿਲਨੇ ਨੇ ਜੁਲਾਈ 1982 ਵਿਚ ਡਾਇਰੈਕਟਰ ਜਨਰਲ ਦਾ ਅਹੁਦਾ ਸੰਭਾਲਿਆ ਸੀ ।

ਅਕਤੂਬਰ 1986 'ਚ ਬ੍ਰਿਟੇਨ ਦੀ ਕੰਜ਼ਰਵੇਟਿਵ ਸਰਕਾਰ ਨੇ ਬੀ ਬੀ ਸੀ ਦੀ ਕਾਫੀ ਆਲੋਚਨਾ ਕੀਤੀ ਸੀ। ਦੋਸ਼ ਲਾਇਆ ਗਿਆ ਸੀ ਕਿ ਖਬਰਾਂ ਅਤੇ ਹੋਰ ਪ੍ਰੋਗਰਾਮਾਂ 'ਚ ਖੱਬੇ ਪੱਖੀ ਸੁਰ ਅਪਣਾਈ ਜਾਂਦੀ ਹੈ ।

ਤਿੰਨ ਹਫਤੇ ਪਹਿਲਾਂ ਬੀ ਬੀ ਸੀ ਨੇ ਬ੍ਰਿਟੇਨ ਦੇ ਜਹਾਜ਼ਾਂ ਦੀ ਸੋਵੀਅਤ ਯੂਨੀਅਨ ਉਪਰ ਜਸੂਸੀ ਦੀਆਂ ਕਾਰਵਾਈਆਂ ਨੂੰ ਬਰੌਡਕਾਸਟ ਕਰਨ ਦਾ ਪ੍ਰੋਗਰਾਮ ਬਣਾਇਆ ਸੀ । ਪ੍ਰੋਗਰਾਮ ਨੂੰ ਪੇਸ਼ ਕਰਨ ਵਾਲਿਆਂ ਨੇ ਇਕ ਮੈਗਜ਼ੀਨ 'ਚ ਇਸ ਸਬੰਧੀ ਆਰਟੀਕਲ ਲਿਖ ਦਿਤਾ ਅਤੇ ਸਰਕਾਰ ਨੇ ਇਸਦੀ ਨੁਕਤਾਚੀਨੀ ਕੀਤੀ। ਬਾਅਦ 'ਚ ਇਹ ਪ੍ਰੋਗਰਾਮ ਵਾਪਸ ਲੈ ਲਿਆ ਗਿਆ ।

ਮਿਲਨੇ ਨੇ ਕਿਹਾ ਕਿ ਅਗਸਤ 1985 'ਚ ਵੀ ਉਹ ਅਸਤੀਫਾ ਦੇਣਾ ਚਾਹੁੰਦਾ ਸੀ ਜਦੋਂ ਬੀ ਬੀ ਸੀ ਗਵਰਨਿੰਗ ਬੋਰਡ ਨੇ ਉਸ ਡਾਕੂਮੈਂਟਰੀ ਫਿਲਮ 'ਤੇ ਪਾਬੰਦੀ ਲਾ ਦਿੱਤੀ ਜਿਸ ਵਿਚ ਇਰੀਸ਼ ਗੁਰੀਲਿਆਂ ਦੇ ਇਕ ਲੀਡਰ ਦੀ ਇੰਟਰਵਿਊ ਸ਼ਾਮਲ ਕੀਤੀ ਗਈ ਸੀ।

ਮਿਲਨੇ ਨੇ 1954 'ਚ ਡਿਪਟੀ ਅਡੀਟਰ ਦੇ ਤੌਰ 'ਤੇ ਕੰਮ ਸ਼ੁਰੂ ਕੀਤਾ। ਨਵੇਂ ਡਾਇਰੈਕਟਰ ਜਨਰਲ ਦੀ ਨਿਯੁਕਤੀ ਹੋਣ ਤੱਕ ਡਿਪਟੀ ਡਾਇਰੈਕਟਰ ਮਾਈਕਲ ਚੈਕਲੈਂਡ ਨੇ ਕਾਰਜਕਾਰੀ ਅਹੁਦਾ ਸੰਭਾਲ ਲਿਆ ਹੈ ।

# ਪੰਜਾਬ ਸਰਕਾਰ ਕੁਰਪਸ਼ਨ ਵਿਰੁੱਧ ਲੜੇਗੀ

ਚੰਡੀਗੜ੍ਹ — ਪੰਜਾਬ ਦੇ ਗ੍ਰਹਿ ਰਾਜ ਮੰਤਰੀ ਸ੍ਰੀ ਕੰਵਲਜੀਤ ਸਿੰਘ ਵਲੋਂ ਇਕ ਬਿਆਨ ਰਾਹੀਂ ਦਾਅਵਾ ਕੀਤਾ ਗਿਆ ਹੈ ਕਿ ਸਰਕਾਰ ਵਿਕਾਸ ਦੇ ਕੰਮਾਂ ਵਿਚ ਤੇਜ਼ੀ ਲਿਆਉਣ ਲਈ ਪ੍ਰਸ਼ਾਸਨ ਵਿਚੋਂ ਭਰਿਸ਼ਟਾਚਾਰ ਨੂੰ ਖਤਮ ਕਰਕੇ ਰੱਖ ਦੇਵੇਗੀ । ਉਹਨਾਂ ਅਨੁਸਾਰ ਭ੍ਰਿਸ਼ਟਾਚਾਰ ਵਿਰੋਧੀ ਮੁਹਿਮ ਵਿਚ ਸਤੰਬਰ 1985 ਤੋਂ ਲੈ ਕੇ ਹੁਣ ਤੱਕ ਵਿਜੀਲੈਂਸ ਬਿਊਰੋ ਵਲੋਂ 95 ਵੱਡੇ ਅਧਿਕਾਰੀਆਂ ਨੂੰ ਰੰਗੇ ਹੱਥੀਂ ਫੜਿਆ ਗਿਆ ਜਿਹਨਾਂ ਵਿਚ 12 ਗਜ਼ਟਿਡ ਅਧਿਕਾਰੀ ਵੀ ਸ਼ਾਮਲ ਹਨ । ਉਹਨਾਂ ਇਹ ਵੀ ਦੱਸਿਆ ਕਿ ਅਦਾਲਤੀ ਕਾਨੂੰਨ ਕਾਰਵਾਈ ਰਾਹੀਂ ਭਰਿਸ਼ਟਾਚਾਰ ਦੇ ਦੋਸ਼ ਵਿਚ 54 ਅਫਸਰਾਂ ਨੂੰ ਸਜ਼ਾਵਾਂ ਵੀ ਮਿਲ ਚੁਕੀਆਂ ਹਨ। ਜਿਹਨਾਂ ਵਿਚ ਪੰਜ ਸਾਲ ਦੀ ਸਖਤ ਕੈਦ ਤੋਂ ਲੈ ਕੇ 7250 ਰੁ: ਤੱਕ ਜੁਰਮਾਨਾ ਵੀ ਹੋਏ ਹਨ ।

# ਸੋਵੀਅਤ ਯੂਨੀਅਨ ਭਾਰਤ ਨਾਲ ਸਾਂਝੀਆਂ ਫਿਲਮਾਂ ਬਨਾਉਣ ਦਾ ਚਾਹਵਾਨ

ਨਵੀਂ ਦਿੱਲੀ — ਸੋਵੀਅਤ ਯੂਨੀਅਨ ਭਾਰਤ ਨਾਲ ਮਿਲਕੇ ਫਿਲਮਾਂ ਬਣਾਉਣ ਵਿਚ ਡੂੰਘੀ ਦਿਲਚਸਪੀ ਲੈ ਰਿਹਾ ਹੈ ਅਤੇ ਇਸ ਉਦੇਸ਼ ਲਈ ਉਸ ਨੇ ਗਲਬਾਤ ਵੀ ਸ਼ੁਰੂ ਕਰ ਦਿੱਤੀ ਹੈ । ਦੋਵਾਂ ਦੇਸ਼ਾਂ ਵਲੋਂ ਦੋ ਫਿਲਮਾਂ ਪਹਿਲਾਂ ਹੀ ਬਣਨੀਆਂ ਸ਼ੁਰੂ ਹੋ ਚੁੱਕੀਆਂ ਹਨ । ਇਹਨਾਂ ਫਿਲਮਾਂ ਵਿਚੋਂ ਇਕ 'ਦੀ ਇੰਡੀਅਨ ਬਰਾਈਡ' ਸ਼ਸ਼ੀਕਪੂਰ ਨਾਲ ਮਿਲਕੇ ਬਣਾਈ ਜਾ ਰਹੀ ਹੈ । ਇਸ ਫਿਲਮ ਦੀ ਕਹਾਣੀ ਅਰਬੀ ਰਾਤਾਂ ਵਿਚੋਂ ਇਕ ਕਹਾਣੀ ਤੇ ਆਧਾਰਿਤ ਹੈ ।

ਫਿਲਮੀ ਮੇਲੇ ਦਾ ਦੋ ਦੇਸ਼ਾਂ ਵਿਚਕਾਰ ਸਭਿਆਚਾਰਕ ਵਟਾਂਦਰੇ ਦੇ ਵਿਕਾਸ ਲਈ ਮਹੱਤਵਪੂਰਨ ਸਥਾਨ ਹੈ ।

ਸ੍ਰੀ ਫੋਰਟ ਆਡੀਟੋਰੀਅਮ ਦੇ ਮੀਡੀਆ ਸੈਂਟਰ ਵਿਚ ਫਿਲਮ ਆਲੋਚਨਾ ਨਾਲ ਗੱਲਬਾਤ ਕਰਦਿਆਂ ਸੋਵੀਅਤ ਵਫਦ ਦੇ ਮੁਖੀ ਏ. ਏ ਤੁਰਾਏਵ ਨੇ ਦੱਸਿਆ ਕਿ ਸੋਵੀਅਤ ਯੂਨੀਅਨ ਵਿਚ ਹੋ ਰਿਹਾ ਭਾਰਤੀ ਮੇਲਾ ਉਹਨਾਂ ਦੇ ਦੇਸ਼ ਵਿਚ ਇਕ ਵੱਡੀ ਘਟਨਾ ਹੋਵੇਗਾ ।

ਸੋਵੀਅਤ ਫਿਲਮ ਨਿਰਦੇਸ਼ਕ ਨੇ ਦੱਸਿਆ ਕਿ ਸੋਵੀਅਤ ਯੂਨੀਅਨ ਵਿਚ ਭਾਰਤੀ ਫਿਲਮਾਂ, ਖਾਸਕਰ ਬਜ਼ੁਰਗ ਨਿਰਦੇਸ਼ਕ, ਅਭਿਨੇਤਾ ਰਾਜਕਪੂਰ ਰਾਹੀਂ ਬਣਾਈਆਂ ਗਈਆਂ ਫਿਲਮਾਂ ਬਹੁਤ ਹਰਮਨ ਪਿਆਰੀਆਂ ਹਨ ।

ਤੁਰਾਏਵ ਨੇ ਕਿਹਾ ਕਿ ਫਿਲਮਾਂ ਵਿਚ ਜਿੰਦਗੀ ਦੇ ਯਥਾਰਥ ਦਾ ਸਹੀ ਚਿਤਰਣ ਹੋਣਾ ਚਾਹੀਦਾ ਹੈ । ਉਹਨਾਂ ਦੱਸਿਆ ਕਿ ਸੋਵੀਅਤ ਯੂਨੀਅਨ ਅਲੋਚਨਾਤਮਕ ਫਿਲਮਾਂ ਬਣਾਉਣ ਦੀ ਵੀ ਯੋਜਨਾ ਬਣਾ ਰਿਹਾ ਹੈ ਜਿਸ ਨਾਲ ਸਾਨੂੰ ਆਪਣੀਆਂ ਊਣਤਾਈਆਂ ਤੇ ਕਾਬੂ ਪਾਉਣ

ਆਪਣੇ ਵਪਾਰ ਵਿਚ ਵਾਧਾ ਕਰਨ ਲਈ ਇਕੋ ਇਕ ਨਾਂ ਯਾਦ ਰੱਖੋ
'ਕੈਨੇਡਾ ਦਰਪਣ'
ਫੋਨ : 581-4473

**Sharma Travels Inc.**
4275, Fraser St. (At 27th Ave.), Vancouver, B.C.
**Ph. (604) 877-1387 or 877-1388**

IATA

Authorised Agents for :
Air Canada, Western, Wardair, Easter, PW, CP Holiday for the Major Airlines

**Special Fares to India, Pakistan, Sri Lanka, Fiji etc.**

**BHANDAL DRYWALL LTD.**

**3397 Kingsway, Vancouver, B.C.**

**Ph. 430-5011**



**Vice President**
**Karnail S. Bhandal**

**President**
**Jarnail S. Bhandal M.A.**

# ਰਾਜਸੀ ਮੁਸੀਬਤਾਂ ਵਿਚ ਫਸਿਆ ਪੰਜਾਬ

ਦਰਬਾਰਾ ਸਿੰਘ ਕਾਹਲੋਂ



ਅਕਾਲੀ ਰਾਜਨੀਤੀ ਵਿਚ ਪੈਦਾ ਹੋਈ ਅੰਦਰੂਨੀ ਖਾਨਾਜੰਗੀ,ਆਤੰਕਵਾਦੀਆਂ ਦੀਆਂ ਕਾਰਵਾਈਆਂ ਵਿਚ ਆਈ ਤੇਜ਼ੀ,ਪੰਜਾਬ ਵਿਚਲੇ ਕਾਂਗਰਸ ਆਗੂਆਂ ਦਾ ਉਤਸ਼ਾਹਹੀਣ ਵਤੀਰਾ,ਪੰਜਾਬ ਵਿਚ ਪੈਦਾ ਹੋ ਰਹੇ ਅਤੇ ਵਧ ਰਹੇ ਫਿਰਕੂ ਤਣਾਅ ਅਤੇ ਕੇਂਦਰ ਦੀ ਤਮਾਸ਼ਾਈ ਭੂਮਿਕਾ ਨੇ ਪੰਜਾਬ ਲਈ ਕੁਝ ਗੰਭੀਰ ਪਰ ਨਵੀਨ ਰਾਜਸੀ ਮੁਸੀਬਤਾਂ ਪੈਦਾ ਕਰ ਦਿਤੀਆਂ ਹਨ। ਪੁਰਾਣੇ ਮਸਲੇ ਤਾਂ ਸੁਲਝਾਏ ਨਹੀਂ ਸਨ ਜਾ ਰਹੇ। ਉਧਰ ਰਾਜਸੀ ਸੁਆਰਥ ਵਿਚੋਂ ਨਵੇਂ ਖੁੰਭਾਂ ਵਾਂਗ ਫਟਾਫਟ ਆ ਟਪਕੇ ਹਨ।

## ਵਾਰਸ

ਅਪਰੈਲ 30,1986 ਨੂੰ ਅਕਾਲੀ ਸਰਕਾਰ ਵਲੋਂ ਹਰਿਮੰਦਰ ਸਾਹਿਬ ਵਿਚ ਆਤੰਕਵਾਦੀਆਂ ਵਿਰੁੱਧ ਪੁਲੀਸ ਦਾਖਲੇ ਦੇ ਪ੍ਰਸ਼ਨ 'ਤੇ ਪੰਜਾਬ ਸਮਝੌਤੇ ਨੂੰ ਇਕ ਫਰਾਡ ਸਮਝਣ ਵਾਲਾ ਗਰੁੱਪ ਸ.ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਨਾਲੋਂ ਵੱਖ ਹੋ ਗਿਆ। ਇਸ ਨੂੰ ਪੂਰਨ ਵਿਸ਼ਵਾਸ ਸੀ ਕਿ ਹਕੀਕਤ ਵਿਚ ਉਹ ਅਸਲ ਅਕਾਲੀ ਦਲ ਦਾ ਵਾਰਸ ਹੈ ਜਦ ਕਿ ਬਰਨਾਲਾ ਧੜੇ ਵਿਚ ਸਿਰਫ ਰਾਜਸੀ ਸੁਆਰਥ ਵਾਲੇ ਲੋਕ ਹੀ ਹਨ। ਸ਼ਕਤੀ ਪ੍ਰੀਖਿਆ ਲਈ ਉਹ ਢੁਕਵਾਂ ਸਮਾਂ ਲੱਭ ਰਹੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨਗੀ ਪਦ ਦੀ ਚੋਣ ਨੇ ਦੋਹਾਂ ਧਿਰਾਂ ਨੂੰ ਇਹ ਮੌਕਾ ਪ੍ਰਦਾਨ ਕੀਤਾ। 30 ਨਵੰਬਰ,1986 ਨੂੰ ਹੋਈ ਚੋਣ ਵਿਚ ਬਾਦਲ ਗਰੁੱਪ ਦੇ ਉਮੀਦਵਾਰ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਬਰਨਾਲਾ ਧੜੇ ਦੇ ਉਮੀਦਵਾਰ ਕਾਬਲ ਸਿੰਘ ਨੂੰ 16 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ। ਇਸ ਨੇ ਅਕਾਲੀ ਦਲ ਸਿਆਸਤ ਨੂੰ ਤਾਂ ਝੰਜੋੜ ਕੇ ਰੱਖ ਦਿੱਤਾ ਅਤੇ ਕੇਂਦਰ ਨੂੰ ਹੈਰਾਨ।

ਅਕਾਲੀ ਸਿਆਸਤ ਦੀ ਵਿਸ਼ੇਸ਼ਤਾ ਹੈ ਕਿ ਜਿਸ ਧੜੇ ਪਾਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਬਹੁਮਤ ਹੈ ਉਹੀ ਹਮੇਸ਼ਾ ਅਕਾਲੀ ਦਲ 'ਤੇ ਕਾਬਜ਼ ਰਹਿੰਦਾ ਹੈ। ਇਹ ਕਮੇਟੀ ਇਕ ਤਰ੍ਹਾਂ ਸਿੱਖਾਂ ਦੀ ਪਾਰਲੀਮੈਂਟ ਹੈ ਜਿੱਥੇ ਉਨ੍ਹਾਂ ਦੇ ਰਾਜਨੀਤਕ,ਸਮਾਜਿਕ,ਧਾਰਮਿਕ,ਸਭਿਆਚਾਰਕ ਅਤੇ ਹੋਰ ਵਿਸ਼ੇਸ਼ ਮਾਮਲਿਆਂ ਦੀ ਹੋਣੀ ਦਾ ਫੈਸਲਾ ਹੁੰਦਾ ਹੈ। 66 ਸਾਲ ਪਹਿਲਾਂ ਹੋਂਦ ਵਿਚ ਆਈ ਇਸ ਜਥੇਬੰਦੀ ਦੇ ਇਤਿਹਾਸ ਵਿਚੋਂ ਇਹੀ ਗੱਲ ਸਪਸ਼ਟ ਹੁੰਦੀ ਹੈ। ਅਕਾਲੀ ਦਲ ਦੀਆਂ ਮੁਢਲੀਆਂ ਨੀਤੀਆਂ 'ਤੇ ਇਸ ਦਾ ਪੂਰਾ ਕੰਟਰੋਲ ਹੁੰਦਾ ਹੈ। ਇਹ ਐਸੀ ਧਾਰਮਿਕ ਜਥੇਬੰਦੀ ਹੈ ਜੋ ਅਕਾਲੀ ਰਾਜਨੀਤੀ ਨੂੰ ਸੇਧ ਦਿੰਦੀ ਹੋਈ ਇਹ ਵੀ ਸਾਬਤ ਕਰਦੀ ਹੈ ਕਿ ਅਕਾਲੀ ਸਿਆਸਤ ਵਿਚ ਧਰਮ ਅਤੇ ਰਾਜਨੀਤੀ ਇਕ ਦੂਸਰੇ ਨਾਲ ਪੂਰੀ ਤਰ੍ਹਾਂ ਜੁੜੇ ਹੁੰਦੇ ਹਨ। ਬਾਦਲ ਧੜੇ ਵਲੋਂ ਸ਼੍ਰੋਮਣੀ ਕਮੇਟੀ 'ਤੇ ਕੰਟਰੋਲ ਦਾ ਭਾਵ ਭਵਿੱਖ ਵਿਚ ਰਾਜਨੀਤੀ 'ਤੇ ਉਸ ਦੇ ਪੂਰਨ ਕੰਟਰੋਲ ਦੀ ਆਧਾਰਸ਼ਿਲਾ ਹੈ।

ਇਸ ਚੋਣ 'ਤੇ ਉਸ ਦਿਨ ਖੁੱਡਾ ਕਾਂਡ ਵਾਪਰਨ ਪਿਛੋਂ ਇਤਿਹਾਸ ਵਿਚ ਪਹਿਲੀ ਵਾਰ ਅਕਾਲੀ ਦਲ ਦੇ ਦੂਸਰੇ ਧੜੇ ਦੇ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ। ਦੋਸ਼ ਅਤਿਵਾਦੀਆਂ ਨੂੰ ਸ਼ਹਿ ਦੇਣ ਦਾ ਲਾਇਆ ਗਿਆ। ਇਸ ਕਾਰਵਾਈ ਨੇ ਦੋਹਾਂ ਧੜਿਆਂ ਵਿਚ ਆਪਸੀ ਏਕਤਾ ਦੇ ਦਰਵਾਜ਼ੇ ਨੇੜ ਭਵਿੱਖ ਵਿਚ ਬੰਦ ਕਰ ਦਿੱਤੇ। ਦੋਹਾਂ ਧੜਿਆਂ ਵਿਚ ਵਿਚੋਲਗੀ ਕਰਨ ਵਾਲੇ ਅਤੇ ਕਮੇਟੀ ਦੀ ਪ੍ਰਧਾਨਗੀ ਚੋਣ ਸਮੇਂ ਵਿਰੋਧੀਆਂ ਦੀ ਮਦਦ ਕਰਨ ਵਾਲੇ ਦੋ ਮੰਤਰੀਆਂ ਸ. ਬਸੰਤ ਸਿੰਘ ਖਾਲਸਾ ਅਤੇ ਨਿਰਮਲ ਸਿੰਘ ਕਾਹਲੋਂ ਨੂੰ ਮੰਤਰੀ ਮੰਡਲ ਵਿਚੋਂ ਬਰਖਾਸਤ ਕਰ ਦਿੱਤਾ ਗਿਆ। ਇੰਜ ਵਿਰੋਧੀ ਦਲ ਨਾਲ ਇਕ ਪਾਸੇ ਅਤੇ ਸਰਕਾਰੀ ਦਲ ਵਿਚ ਅੰਦਰੂਨੀ ਜੰਗ ਦਾ ਦੂਜੇ ਪਾਸੇ ਬਿਗਲ ਵੱਜ ਗਿਆ। ਪੰਦਰਾਂ ਦਸੰਬਰ ਨੂੰ ਵਿਰੋਧੀ ਅਕਾਲੀ ਦਲ ਸੱਤਾਧਾਰੀ ਅਕਾਲੀ ਦਲ ਵਿਰੁੱਧ ਬੇਪ੍ਰਤੀਤੀ ਦਾ ਮਤਾ ਨਾ ਰੱਖ ਸਕਿਆ। ਕਿਉਂਕਿ ਉਸ ਦੇ ਚਾਰ ਮੈਂਬਰ ਗ੍ਰਿਫਤਾਰ ਕੀਤੇ ਜਾਣ ਬਾਅਦ ਉਸ ਪਾਸ ਲੋੜੀਂਦੀ ਗਿਣਤੀ ਨਹੀਂ ਸੀ। ਇਸ ਲਈ ਉਨ੍ਹਾਂ ਅਸੈਂਬਲੀ ਵਿਚੋਂ ਵਾਕ ਆਊਟ ਕਰਨਾ ਹੀ ਬਿਹਤਰ ਸਮਝਿਆ। ਜੇ ਬੇਪ੍ਰਤੀਤੀ ਦਾ ਮਤਾ ਦਾਖਲ ਹੋ ਜਾਂਦਾ ਅਤੇ ਵਿਰੋਧੀ ਦਲ ਦੇ ਮਹਾਂਰਥੀ ਗ੍ਰਿਫਤਾਰ ਨਾ ਕੀਤੇ ਹੁੰਦੇ ਤਾਂ ਸ਼ਾਇਦ ਕੋਈ ਰਾਜਸੀ ਧਮਾਕਾ ਸੰਭਵ ਹੋ ਸਕਦਾ। ਪਰ ਬਰਨਾਲਾ ਗਰੁੱਪ ਨੇ ਰਾਜਸੀ ਸੂਝ ਤੋਂ ਕੰਮ ਲੈ ਕੇ ਸਰਕਾਰ ਨੂੰ ਖਤਰੇ ਤੋਂ ਬਚਾ ਲਿਆ।

ਪੰਜਾਬ ਵਿਚ ਆਤੰਕਵਾਦੀ ਕਾਰਵਾਈਆਂ ਜਾਂ ਉਨ੍ਹਾਂ ਵਲੋਂ ਪੰਜਾਬੋਂ ਬਾਹਰ ਕੀਤੀਆਂ ਜਾਂਦੀਆਂ ਵਾਰਦਾਤਾਂ ਬਾਰੇ ਬੇਸਮਝੀ ਨੇ ਪੰਜਾਬ ਅਤੇ ਇਸ ਤੋਂ ਬਾਹਰ ਦੇਸ਼ ਦੇ ਕਈ ਭਾਗਾਂ ਵਿਚ ਸੰਪਰਦਾਇਕ ਦੰਗਿਆਂ ਅਤੇ ਫਿਰਕੂ ਸੋਚ ਨੂੰ ਜਨਮ ਦਿੱਤਾ ਹੈ ਜੋ ਇਸ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਇਕ ਪਾਸੇ ਅਤੇ ਪੰਜਾਬ ਵਿਚ ਦੋ ਫਿਰਕਿਆਂ ਦੀ ਸਹਿਹੋਂਦ ਲਈ ਦੂਜੇ ਪਾਸੇ ਘਾਤਕ ਸਿੱਧ ਹੋ ਰਹੀਆਂ ਹਨ।

## ਮਨੁੱਖੀ ਏਕਤਾ

ਮੰਦਰ,ਗੁਰਦੁਆਰੇ,ਮਸਜਿਦਾਂ ਅਤੇ ਗਿਰਜੇ ਮਨੁੱਖੀ ਮਨ,ਬੁੱਧੀ ਅਤੇ ਆਤਮਾ ਦੀ ਸ਼ੁੱਧੀ ਲਈ ਹੁੰਦੇ ਹਨ। ਇਨ੍ਹਾਂ ਵਿਚ ਸੁਬਾਹ ਸ਼ਾਮ ਬੈਠ ਕੇ ਰੱਬੀ ਏਕਤਾ ਅਤੇ ਮਨੁੱਖੀ ਏਕਤਾ ਦੀ ਗੱਲ ਕਰਨੀ ਹੁੰਦੀ ਹੈ। ਇਥੋਂ ਆਪਸੀ ਭੇਦਭਾਵ ਮਿਟਾਉਣ ਦੀ ਜਾਚ ਸਿੱਖਣੀ ਹੁੰਦੀ ਹੈ। ਪੰਜਾਬ ਵਿਚਲੇ ਬਹੁਗਿਣਤੀ ਫਿਰਕੇ ਦਾ ਧਰਮ,ਧਰਮ—ਨਿਰਪੱਖਤਾ ਦੀ ਵੱਡੀ ਮਿਸਾਲ ਹੈ। ਧਰਮ—ਨਿਰਪੱਖਤਾ ਦੀ ਖਾਤਰ ਗੁਰੂ ਤੇਗ ਬਹਾਦਰ ਦਿੱਲੀ ਵਿਖੇ ਚਾਂਦਨੀ ਚੌਂਕ ਵਿਚ ਸ਼ਹੀਦ ਹੋਏ। ਦਸਵੇਂ ਗੁਰੂ ਨੇ ਵੀ ਆਪਣੇ ਅਨੁਯਾਈਆਂ ਅਤੇ ਭਾਰਤ ਵਾਸੀਆਂ ਨੂੰ ਮਾਨਵਤਾ ਦੇ ਏਕੇ ਦੇ ਵਿਰੋਧੀਆਂ,ਧਰਮ ਨਿਰਪੱਖਤਾ ਦੇ ਦੋਖੀਆਂ ਅਤੇ ਦੁਸ਼ਟਾਂ ਖਿਲਾਫ ਲਾਮਬੰਦ ਹੋਣ ਲਈ ਇਕ ਖਾਲਸਾ ਅਤੇ ਅਚੰਭਕ ਫਲਸਫਾ ਅਤੇ ਉਸ ਦੇ ਅਮਲ ਦੀ ਜਾਂਚ ਦਾ ਤਰੀਕਾ ਦੱਸਿਆ ਸੀ।

2 ਦਸੰਬਰ 1986 ਨੂੰ ਅੰਮ੍ਰਿਤਸਰ ਜ਼ਿਲਾ ਅਤੇ ਪੰਜਾਬ ਦੀਆਂ ਹੋਰ 16 ਸਬ ਡਿਵੀਜ਼ਨਾਂ ਨੂੰ ਅਤੇ ਅਗਲੇ ਦਿਨ ਕੇਂਦਰੀ ਸ਼ਾਸਤ ਇਲਾਕੇ ਚੰਡੀਗੜ੍ਹ ਨੂੰ ਪੰਜਾਬ ਆਰਮਡ ਫੋਰਸਜ਼ ਸਪੈਸ਼ਲ ਪਾਵਰਜ਼ ਐਕਟ,1983 ਦੇ ਅਨੁਭਾਗ 3 ਅਧੀਨ ਗੜਬੜ ਵਾਲਾ ਇਲਾਕਾ ਘੋਸ਼ਿਤ ਕਰ ਦਿੱਤਾ ਜਿਸ ਅਨੁਸਾਰ ਆਤੰਕਵਾਦੀ ਕਾਰਵਾਈਆਂ ਰੋਕਣ ਲਈ ਪੰਜਾਬ ਪੁਲੀਸ,ਬੀ.ਐਸ.ਐਫ.,ਸੀ.ਆਰ.ਪੀ.ਐਫ. ਅਤੇ ਜ਼ਿਲਾ ਮੈਜਿਸਟਰੇਟਾਂ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਗਏ ਹਨ। ਹੁਣ ਵੱਡੀ ਮੁਸੀਬਤ ਇਹੀ ਖੜ੍ਹੀ ਹੋ ਗਈ ਹੈ ਕਿ ਇਨ੍ਹਾਂ ਅਧਿਕਾਰਾਂ ਦੀ ਵਰਤੋਂ ਠੀਕ ਕਿਵੇਂ ਹੋਵੇ? ਐਸੇ ਸਮੇਂ ਇਨ੍ਹਾਂ ਵਿਚ ਸ਼ਾਮਿਲ ਅਫਸਰਾਂ ਅਤੇ ਜਵਾਨਾਂ ਲਈ ਖਾਸ ਸਿਖਲਾਈ ਦਾ

'ਬਾਕੀ ਪੰਨਾ 16 'ਤੇ

## ਨੇੜੇ ਤੇੜੇ

ਪੰਜਾਬ ਦੇ ਇਤਿਹਾਸ ਦਾ ਖੂਨੀ ਵਰ੍ਹਾ-ਖਬਰ



ਸੰਨ ਚੁਰਾਸੀ ਤੋਂ ਬਾਅਦ ਕਿਹੜਾ ਵਰ੍ਹਾ ਖੂਨੀ ਨਹੀਂ ਰਿਹਾ ?.


CAR CITY
13286 King George HWY, Surrey
Ph. 584-7666
Used ਕਾਰਾਂ, ਵੈਨਾਂ ਜਾਂ ਪਿਕ ਅੱਪ ਠੀਕ ਤੇ ਸਸਤੀ ਕੀਮਤ ਤੇ ਖ੍ਰੀਦੋ
We Buy, Sell and Trade
Financing Available
O.A.C.
ਫੋਨ ਕਰੋ ਜਾਂ ਮਿਲੋ
ਜਗਰੂਪ (ਜੱਗਾ) ਰਾਏ

ਜਗਰੂਪ ਸਿੰਘ
Mon. - Fri. 9 a.m. to 9 p.m.
Sat. — 9 a.m. to 5 p.m. [Sunday on Appointment only]



DOSANJH & PIRANI
#202 - 5887 Victoria Drive, Vancouver, B.C. V5P 3W5
Phone 327-6381
● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ
ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

# ਪੂੰਜੀ ਦਰਪਣ

## ਰੀਟਾਇਰਮੈਂਟ ਦੇ ਦਿਨਾਂ ਵਿਚ ਤੁਹਾਡਾ ਜੀਵਨ ਪੱਧਰ

ਗੁਰਚਰਨ ਰਾਮਪੁਰੀ

ਕੈਨੇਡਾ ਦੇ ਲੋਕਾਂ ਦਾ ਜੀਵਨ ਪੱਧਰ ਦੁਨੀਆਂ ਦੇ ਅਨੇਕਾਂ ਹੋਰ ਦੇਸ਼ਾਂ ਦੇ ਮੁਕਾਬਲੇ ਵਿਚ ਚੋਖਾ ਉਚਾ ਹੈ। ਪਰ ਰੀਟਾਇਰਮੈਂਟ ਦੇ ਸੁਨਹਿਰੀ ਸਾਲਾਂ ਵਿਚ ਲੋਕਾਂ ਦੀ ਚੋਖੀ ਗਿਣਤੀ ਦਾ ਜੀਵਨ ਪੱਧਰ ਕਾਫ਼ੀ ਨੀਵਾਂ ਹੋ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਉਸ ਸਮੇਂ ਲਈ ਕੋਈ ਮਾਇਕ ਵਿਉਂਤਬੰਦੀ ਨਹੀਂ ਕੀਤੀ ਹੁੰਦੀ। ਜੀਵਨ ਦੇ ਉਨ੍ਹਾਂ ਸਾਲਾਂ ਲਈ ਸ਼ਾਇਦ ਅਨੇਕਾਂ ਲੋਕਾਂ ਨੇ ਸਰਕਾਰੀ ਅਤੇ ਕੰਪਨੀ ਪੈਨਸ਼ਨਾਂ ਉਤੇ ਟੇਕ ਰੱਖੀ ਹੁੰਦੀ ਹੈ। ਪਰ ਲੰਘੇ ਸਮੇਂ ਦਾ ਤਜਰਬਾ ਦੱਸਦਾ ਹੈ ਕਿ ਬੁਢਾਪੇ ਦੀ ਪੈਨਸ਼ਨ ਅਤੇ ਹੋਰ ਪੈਨਸ਼ਨਾਂ ਦੀ ਖਰੀਦ-ਸ਼ਕਤੀ ਨੂੰ ਹਰ ਸਾਲ ਵੱਧਦੀ ਮਹਿੰਗਾਈ ਬਹੁਤ ਬੁਰੀ ਤਰ੍ਹਾਂ ਘਟਾ ਦੇਂਦੀ ਹੈ ਅਤੇ ਪੈਨਸ਼ਨਰ ਲੋਕ ਕਈ ਵਾਰ ਆਪਣੀਆਂ ਬੁਨਿਆਦੀ ਲੋੜਾਂ ਵੀ ਪੂਰੀਆਂ ਨਹੀਂ ਕਰ ਸਕਦੇ।

ਸੋ ਇਸ ਖਤਰੇ ਤੋਂ ਬਚਣ ਲਈ ਸਾਨੂੰ ਇਹ ਦੇਖਣਾਂ ਪਵੇਗਾ ਕਿ ਲਗਾਤਾਰ ਵਧ ਰਹੀ ਮਹਿੰਗਾਈ (Inflation) ਦੇ ਇਸ ਮਾਰੂ ਅਸਰ ਤੋਂ ਬਚਣ ਲਈ ਸਾਨੂੰ ਆਪਣੀ ਹੁਣ ਦੀ ਆਮਦਨੀ ਦੇ ਮੁਕਾਬਲੇ ਵਿਚ ਰੀਟਾਇਰਮੈਂਟ ਦੇ ਸਾਲਾਂ ਵਿਚ ਕਿੰਨੀ ਆਮਦਨੀ ਚਾਹੀਦੀ ਹੈ। ਇਹ ਦੇਖਣ ਲਈ ਹੇਠਾਂ ਕੁਝ ਚਾਰਟ ਦਿੱਤੇ ਜਾ ਰਹੇ ਹਨ।

ਚਾਰਟ ———

If your present annual income is $25.000 here's what you'll need just to "stay even".

| | INFLATION RATES 5.15% | 8.13% | 12.82% |
|---|---|---|---|
| In 10 Years | $ 41.308 | $ 54.626 | $ 83.522 |
| In 15 Years | 53.098 | 80.748 | 152.662 |
| In 20 Years | 68.254 | 119.361 | 279.037 |
| In 25 Years | 87.735 | 176.439 | 510.026 |
| In 30 Years | 112.776 | 260.811 | 932.230 |

If your present annual income is $35.000...

| | INFLATION RATES 5.15% | 8.13% | 12.82% |
|---|---|---|---|
| In 10 Years | $ 57.831 | $ 76.477 | $ 116.931 |
| In 15 Years | 74.337 | 113.048 | 213.727 |
| In 20 Years | 95.555 | 167.106 | 390.652 |
| In 25 Years | 122.829 | 247.015 | 714.037 |
| In 30 Years | 157.887 | 365.136 | 1.305.121 |

If your present annual income is $45.000...

| | INFLATION RATES 5.15% | 8.13% | 12.82% |
|---|---|---|---|
| In 10 Years | $ 74.354 | $ 98.327 | $ 150.340 |
| In 15 Years | 95.577 | 145.347 | 274.792 |
| In 20 Years | 122.856 | 214.851 | 502.267 |
| In 25 Years | 157.923 | 317.591 | 918.047 |
| In 30 Years | 202.998 | 469.460 | 1.678.013 |

If your present annual income is $55.000...

| | INFLATION RATES 5.15% | 8.13% | 12.82% |
|---|---|---|---|
| In 10 Years | $ 90.877 | $120.178 | $ 183.748 |
| In 15 Years | 116.816 | 177.646 | 335.857 |
| In 20 Years | 150.158 | 262.595 | 613.882 |
| In 25 Years | 193.017 | 388.166 | 1.122.057 |
| In 30 Years | 248.108 | 573.784 | 2.050.905 |

You choose the rate of inflation you think will prevail between now and, say, retirement. But realize that your RRSP or other investments need to beat inflation by a wide margin just so that you can maintain your present annual income and standard of living at retirement. For example, at 8.13% inflation, today's annual income requirement of $35.000 grows to $365.136 per year within 30 years.

ਪਿਛਲੇ ਸਾਲਾਂ ਵਿਚ ਮਹਿੰਗਾਈ ਅਥਵਾ ਸਿੱਕੇ ਦੇ ਫੈਲਾਓ ਦਾ ਦਰ 10% ਤੋਂ ਵੀ ਉਪਰ ਰਿਹਾ ਹੈ, ਅੱਜ ਕੱਲ੍ਹ 1987 ਵਿਚ ਇਹ ਦਰ ਘਟ ਕੇ 4 ਤੋਂ 5% ਦੇ ਵਿਚਕਾਰ ਆ ਗਿਆ ਹੈ। ਪਰ ਮਾਇਕ ਮਾਹਿਰਾਂ ਦਾ ਵਿਚਾਰ ਹੈ ਕਿ ਵੀਹਵੀਂ ਸਦੀ ਦੇ ਅੰਤ ਤੀਕ ਸਿੱਕੇ ਦੇ ਫੈਲਾਓ ਦਾ ਔਸਤ ਸਾਲਾਨਾ ਦਰ ਲਗਪਗ 8% ਹੋਵੇਗਾ। ਇਸ ਅਨੁਸਾਰ ਮਿਸਾਲ ਵਜੋਂ ਜੇ ਅੱਜ ਤੁਹਾਡੀ ਆਮਦਨੀ $25000 ਸਾਲਾਨਾ ਹੈ ਅਤੇ ਤੁਸੀਂ 20 ਸਾਲ ਪਿਛੋਂ ਰੀਟਾਇਰ ਹੋਣਾ ਹੈ ਤਾਂ ਅੱਜ ਵਾਲਾ ਪੱਧਰ ਕਾਇਮ ਰੱਖਣ ਲਈ ਤੁਹਾਡੀ ਸਾਲਾਨਾ ਆਮਦਨੀ $119,361 ਚਾਹੀਦੀ ਹੈ। ਇਹ ਰਕਮ ਜਮਾਂ ਕਰਨ ਲਈ ਜੇ ਤੁਸੀਂ ਲਗਾਤਾਰ 20 ਸਾਲ $5500 ਸਾਲਾਨਾ ਅਜੇਹੇ ਮਿਊਚੂਅਲ ਫੰਡ ਵਿਚ ਲਾਉਂਦੇ ਰਹੇ ਜੋ ਔਸਤਨ 16% ਵਾਧਾ ਦੇਵੇ ਤਾਂ ਅਖੀਰ ਵਿਚ ਤੁਹਾਡੇ ਕੋਲ $736,123 ਜਮਾਂ ਹੋ ਜਾਣਗੇ ਜਿਸ ਉਤੇ ਹਰ ਸਾਲ ਹੋ ਰਿਹਾ 16% ਔਸਤ ਵਾਧਾ ਤੁਹਾਡੇ ਲਈ $117780 ਸਾਲਾਨਾ ਆਮਦਨੀ ਦੇ ਸਕੇਗਾ ਅਤੇ ਆਪ ਆਪਣੀ ਹੁਣ ਵਾਲੀ ਜੀਵਨ ਪੱਧਰ ਕਾਇਮ ਰੱਖ ਸਕੋਗੇ ਅਤੇ ਤੁਹਾਡੀ ਰਕਮ ਦਾ ਅਸਲ ਵੀ ਬਚਿਆ ਰਹੇਗਾ। ਸੋ ਰੀਟਾਇਰਮੈਂਟ ਦੇ ਸਾਲਾਂ ਵਿਚ ਆਪਣੀ ਹੁਣ ਵਾਲੀ ਜੀਵਨ ਪੱਧਰ ਕਾਇਮ ਰੱਖਣ ਲਈ ਅੱਜ ਹੀ ਲੋੜੀਂਦਾ ਕਦਮ ਚੁਕੋ ਤੇ ਹਰ ਸਾਲ $5500 ਆਪਣੀ ਰੀਟਾਇਰਮੈਂਟ ਸੇਵਿੰਗ ਪਲੈਨ ਵਿਚ ਜਮਾਂ ਕਰਵਾਣੇ ਸ਼ੁਰੂ ਕਰੋ। ਇਸ ਨਾਲ ਹੁਣ ਤੁਸੀਂ ਆਪਣੇ ਟੈਕਸ ਬਿੱਲ ਵਿਚੋਂ $1925 ਹਰ ਸਾਲ ਬੱਚਤ ਕਰ ਸਕੋਗੇ ਜੇ ਤੁਹਾਡੇ ਟੈਕਸ ਦੀ ਦਰ 35 ਪ੍ਰਤੀਸ਼ਤ ਹੈ। ਸੋ ਅਸਲ ਵਿਚ ਬਾਕੀ ਆਪਣੇ ਕੋਲੋਂ ਕੇਵਲ $3575 ਹੀ ਦਿੱਤੇ ਹੋਣਗੇ। ਕੀ ਤੁਸੀਂ ਚੰਗੇ ਭਵਿੱਖ ਦੀ ਰਾਖੀ ਲਈ ਇਹ ਸਾਲਾਨਾ ਬੱਚਤ ਕਰ ਸਕੋਗੇ? ਕਿਉਂ ਨਹੀਂ? ਆਪਣੇ ਭਵਿੱਖ ਦੀ ਸੁਰੱਖਿਆ ਲਈ ਅਜੇ ਵੀ ਲੋੜੀਂਦੇ ਕਦਮ ਚੁਕੋ।

### ਨੇੜੇ ਤੇੜੇ

ਦਲ ਵਲੋਂ ਫਾਰੂਕ ਸਰਕਾਰ ਦੀ ਹਮਾਇਤ ਦਾ ਐਲਾਨ



ਤੇ ਫਿਰ ਫਾਰੂਕ ਸਾਹਿਬ ਦਲ ਨੂੰ ਅੱਗੋਂ ਇੰਕਾ ਦੀ ਹਮਾਇਤ ਲੈ ਕੇ ਦੇਣਗੇ...

### ਨੇੜੇ ਤੇੜੇ

ਠੇਕੇਦਾਰ ਗ੍ਰਿਫਤਾਰ... !



ਲਗਦਾ ਹੈ, ਇਸ ਨੇ ਵੀ ਅਕਾਲੀ ਦਲਾਂ ਨੂੰ ਜੋੜਨ 'ਚ ਵਰਤੇ "ਸੀਮਿੰਟ" ਵਗੈਰਾ 'ਚੋਂ ਹਿੱਸਾ ਨੀ ਦਿੱਤਾ ਹੋਣਾ ।


# GIL'S NEW & USED

## Furniture & Appliances Warehouse

All kinds of New and Used Furniture — Color TV — Stereos — Major Appliances — Refrigerators — —Air Conditioners

**WE BUY SELL TRADE**

ਹਰ ਤਰ੍ਹਾਂ ਦਾ ਨਵਾਂ ਤੇ ਪੁਰਾਣਾ ਫਰਨੀਚਰ ਖ਼੍ਰੀਦਣ ਲਈ ਮਿਲੋ ਜਾਂ ਫੋਨ ਕਰੋ :

**582-8726**

121 SALTER STREET WINNIPEG, MAN.



Dino's at the New Location

ਡੀਨੋਜ਼ ਨਵੀਂ ਥਾਂ ਉਤੇ

# DINO'S GROCERY MART

460 NOTRE DAME AVE. WINNIPEG, MAN. R3B 1R5

**Ph. 942-1526**

ਵਿੰਨੀਪੈਗ ਦਾ ਸਭ ਤੋਂ ਵੱਡਾ ਭਾਰਤੀ ਗਰੌਸਰੀ ਸਟੋਰ

ਜੋ ਹਫ਼ਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ

ਅਸੀਂ ਹੇਠ ਲਿਖੀਆਂ ਵਸਤਾਂ ਦੇ ਸਪੈਸ਼ਲਿਸਟ ਹਾਂ

- ਈਸਟ ਇੰਡੀਅਨ ਗਰੌਸਰੀ
- ਹਿੰਦੀ - ਪੰਜਾਬੀ - ਪਾਕਿਸਤਾਨੀ ਫਿਲਮਾਂ
- ਭਾਰਤੀ ਰੀਕਾਰਡ - ਕੈਸਟਾਂ ਤੇ ਭਾਂਡੇ
- ਤਾਜ਼ਾ ਸਬਜ਼ੀਆਂ
- ਤਾਜ਼ਾ ਬੱਕਰੇ ਦਾ ਮੀਟ
- ਗੁਰਦੁਆਰਿਆਂ, ਮੰਦਰਾਂ, ਵਿਆਹਾਂ, ਪਾਰਟੀਆਂ ਅਤੇ ਇਕੱਠੀ ਗਰੌਸਰੀ ਖ਼੍ਰੀਦਣ ਉਤੇ ਡਿਸਕਾਊਂਟ
- ਵਿੰਨੀਪੈਗ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਮੇਲ ਆਰਡਰ ਉਤੇ ਗਰੌਸਰੀ ਭੇਜੀ ਜਾਂਦੀ ਹੈ
- ਈਸਟ ਇੰਡੀਅਨ ਅਖਬਾਰ ਅਤੇ ਰਸਾਲੇ

ਡੀਨੋਜ਼ ਉਤੇ ਇਕੋ ਸਮੇਂ ਸਾਰੀ ਸ਼ਾਪਿੰਗ ਕਰੋ! ਵਧੀਆ ਕੁਆਲਟੀ, ਘੱਟ ਕੀਮਤਾਂ, ਤੇਜ਼ੀ ਨਾਲ ਸਰਵਿਸ ਅਤੇ ਦੋਸਤਾਨਾ ਮਾਹੌਲ

ਡੀਨੋ ਦੇ ਸਟੋਰ ਉਤੇ "ਤੁਹਾਡੀ ਤਸੱਲੀ ਸਾਡਾ ਬਿਜ਼ਨਿਸ ਹੈ"

# NORTH-WEST FRUIT MART

726 SARGENT AVE. WINNIPEG, MAN. R3E 0B2

**Ph. 772-8719**

**ਪੰਜਾਬੀ, ਹਿੰਦੀ ਅਤੇ ਪਾਕਿਸਤਾਨੀ ਫਿਲਮਾਂ ਦੀ ਵਿੰਨੀਪੈਗ ਵਿਚ ਸਭ ਤੋਂ ਵੱਡੀ ਦੁਕਾਨ**

- ਹਫ਼ਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ
- ਹਰ ਹਫ਼ਤੇ ਤਾਜ਼ੀਆਂ ਸਬਜ਼ੀਆਂ - ਭਿੰਡੀ, ਕਰੇਲੇ, ਕੱਦੂ, ਧਨੀਆ ਆਦਿ
- ਹਰ ਕਿਸਮ ਦੀ ਵਧੀਆ ਗਰੌਸਰੀ — ਵਧੀਆ ਮਸਾਲੇ
- ਗੁਰਦੁਆਰੇ, ਮੰਦਰ, ਵਿਆਹ, ਪਾਰਟੀਆਂ ਆਦਿ ਲਈ ਸਪੈਸ਼ਲ ਡਿਸਕਾਊਂਟ
- ਪੰਜਾਬੀ ਤੇ ਅੰਗਰੇਜ਼ੀ ਦੇ ਅਖਬਾਰ
- ਦੋਸਤੀ ਭਰੀ ਸਰਵਿਸ

**ਰਣਜੀਤ ਸਿੰਘ ਕਲੇਰ**

# Locations Realty Inc.

36, Roslyn Road, WINNIPEG, MAN. R3L 0G6



ਆਪਣਾ ਘਰ ਖ਼ੀਦਣ ਜਾਂ ਵੇਚਣ ਲਈ, ਕਮਰਸ਼ਲ, ਇੰਡਸਟਰੀਅਲ ਪ੍ਰਾਪਰਟੀ, ਜ਼ਮੀਨ ਜਾਂ ਹੋਰ ਰੀਅਲ ਇਸਟੇਟ ਸਬੰਧੀ ਪ੍ਰੋਫੈਸ਼ਨਲ ਰਾਇ ਲੈਣ ਲਈ ਵਿਨੀਪੈੱਗ ਵਿਚ ਤੁਹਾਡੀ ਸੇਵਾ ਲਈ ਹਾਜ਼ਰ ਹਨ

**ਪਾਲ ਬਾਹੀਆ**

ਪ੍ਰਾਪਰਟੀ ਬਾਰੇ ਜਾਣਕਾਰੀ ਲਈ ਫੋਨ ਕਰੋ :

**(204) 477-4600** (24 hrs.)

**Res. 694-3550**

LOCATIONS
REALTY INC.

AUTOPAC
PROTECTING MANITOBANS ON THE MOVE

# Dorion Insurance Agency

## ਡੋਰੀਅਨ ਇਨਸ਼ੋਰੈਂਸ ਏਜੰਸੀ

**ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ**

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

ਜਿਵੇਂ ਕਿ :—

- ਆਪਣੇ ਮਕਾਨ
- ਵਿਉਪਾਰ
- ਕਾਰ ਤੇ ਟਰੱਕ
- ਜੀਵਨ ਬੀਮਾ
- ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ ਬੀਮਾਰ ਹੋ ਜਾਣ ਤੇ।
- ਆਟੋ ਪੈਕ ਰੀਨੀਊ ਕਰਾਉਣ ਲਈ
- ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

**ਕੁਲਵੰਤ ਸਿੰਘ ਬਰਾੜ ਫੋਨ : 772-3301 775-1061**



Kulwant S. Brar
Manager & Owner

509 ELLICE AVE. WINNIPEG, MAN.

Commissioner for oaths

# AJANTA TRAVELS

**ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ**

# REDWOOD MOTORS LTD.

**ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ**



**ਟੈਕਸੀਆਂ ਦੀ ਰੀਪੇਅਰ ਉਤੇ ਸਪੈਸ਼ਲ ਡਿਸਕਾਊਂਟ**

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.

# The Manitoba Mirror
# ਮੈਨੀਟੋਬਾ ਦਰਪਣ


## V.I.P. SUPERMARKET

**Ph. 774-8671**

(ਨਵੇਂ ਪ੍ਰਬੰਧ ਹੇਠ)

ਸਟੇਨਲੈਸ ਸਟੀਲ ਦੇ ਬਰਤਨ ਖ੍ਰੀਦਣ ਲਈ ਸਭ ਤੋਂ ਵੱਡਾ ਗਰੌਸਰੀ ਸਟੋਰ

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ, ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ ਖ੍ਰੀਦੋ

ਗੋਲਗੱਪੇ ਅਤੇ ਸਮੋਸਾ ਮੇਕਰ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ ਮਿਲ ਸਕਦੇ ਹਨ

**V.I.P. SUPERMARKET**
739, Elice Ave. WINNIPEG, MAN.



ਵਿਨੀਪੈਗ ਸ਼ਹਿਰ ਵਿਚ ਨਵੇਂ ਨਵੇਂ ਫੈਸ਼ਨਾਂ ਅਤੇ ਡੀਜ਼ਾਈਨਾਂ ਦਾ ਇਕੋ ਇਕ ਸਟੋਰ ਜਿਥੇ ਤੁਹਾਨੂੰ ਹਰ ਸਮੇਂ ਮਿਲਦੇ ਹਨ :

- ਪੰਜਾਬੀ ਸੂਟ, ਇਕ ਪੀਸ, ਦੋ ਪੀਸ ਅਤੇ ਤਿੰਨ ਪੀਸ
- ਹਰ ਤਰ੍ਹਾਂ ਦੀਆਂ ਜਾਪਾਨੀ ਅਤੇ ਇੰਡੀਆਂ ਦੀਆਂ ਸਾੜ੍ਹੀਆਂ
- ਵਿਆਹ ਸ਼ਾਦੀਆਂ ਦਾ ਪੂਰਾ ਪੂਰਾ ਸਮਾਨ
- ਧਾਰਮਿਕ ਫੋਟੋਆਂ ਵੱਖ ਵੱਖ ਸਾਈਜ਼ਾਂ ਵਿਚ
- ਕਢਾਈ ਵਾਲੇ ਦੁੱਪਟੇ ਅਤੇ ਫੁਲਕਾਰੀ ਟਾਂਕੇ ਦੇ ਦੁੱਪਟੇ
- ਵਿਆਹ ਵਾਲੀਆਂ ਸਪੈਸ਼ਲ ਸਾੜ੍ਹੀਆਂ ਅਤੇ ਜਾਲ ਵਾਲੇ ਦੁੱਪਟੇ
- ਰੁਮਾਲਿਆਂ ਦੇ ਕੱਪੜੇ, ਗੋਟੇ ਕਨਾਰੀਆਂ ਚਿਕਨ ਦੇ ਦੁੱਪਟੇ ਆਦਿ

ਆਓ ਤੇ ਅਜ਼ਮਾ ਕੇ ਦੇਖੋ!



## BOMBAY FASHIONS

724 SARGENT AVE., WINNIPEG, MANITOBA R3E 0B2

**Ph. 783-0904**

**Prop. BALDEV S. BEDI** M.A.B.A. (Hons.)

## NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ੍ਰੀਦਣ ਲਈ



ਰਾਜ ਸਿੰਘ ਮਾਨ

ਜਾਂ

ਸੁਖਜਿੰਦਰ ਸਿੰਘ ਢਿੱਲੋਂ

ਨੂੰ ਮਿਲੋ

● ਲਾਈਫ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ ● ਮਾਰਗੇਜ ਇੰਨਸ਼ੋਰੈਂਸ
● ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities



**Sukhjinder S. Dhillon**
**Res: 669-2573**

**Ph. 943-1526**

1507 - 330 Portage Ave. WINNIPEG, MAN. R3C 0C4

**Raj Singh Maan** Sales Manager
**Res. 694-0731**
Commissioner for oaths

# ਪੁੰਗਰਦੀਆਂ ਕਲਮਾਂ

## ਰੰਗ ਤਰੰਗ ਸਾਹਿਤ ਸਭਾ ਸੁਕਾਮਿਸ਼ ਦੇ ਕਵੀ

### ਰਘਬੀਰ ਸਿੰਘ 'ਨਿਮਤਾ'

ਨਵੇਂ ਸਾਲ ਦੀ ਖੁਸ਼ੀ ਹੈ ਸਾਰਿਆਂ ਨੂੰ
ਨਵੇਂ ਸਾਲ ਦੀ ਲੱਖ ਵਧਾਈ ਹੋਵੇ ।
ਤਾਕਤ ਕਿਸੇ ਵੀ ਪਾਸੇ ਨਾ ਜਾਏ ਵਰਤੀ
ਲੋਕ ਰਾਇ ਨਾਲ ਸਭ ਨਿਪਟਾਈ ਹੋਵੇ ।
ਕੇਰਾਂ ਜੱਗ ਤੇ ਜੀਣ ਦਾ ਲੁਤਫ ਆਜੇ
ਜੇ ਨਾ ਦਿਲਾਂ ਦੇ ਵਿਚ ਬੁਰਿਆਈ ਹੋਵੇ ।
ਜਿਹੜਾ ਜੰਗੀ ਸਮਾਨ ਤੇ ਖਰਚ ਹੁੰਦਾ,
ਓਸ ਪੈਸੇ ਨਾਲ ਲੋਕ ਭਲਾਈ ਹੋਵੇ ।
ਅਸੀਂ ਚਾਹੁੰਦੇ ਹਾਂ ਅਮਨ ਜਹਾਨ ਉਤੇ
ਕਿਸੇ ਪਾਸੇ ਨਾ ਲੱਗੀ ਲੜਾਈ ਹੋਵੇ ।
ਨਵੇਂ ਸਾਲ ਦੀ ਖੁਸ਼ੀ ਹੈ ਸਾਰਿਆਂ ਨੂੰ
ਨਵੇਂ ਸਾਲ ਦੀ ਲੱਖ ਵਧਾਈ ਹੋਵੇ ।
ਅਮਨ ਰਹੂ ਤਾਂ ਰਹਿਣਗੇ ਲੋਕ ਜੀਂਦੇ
ਨਵੇਂ ਸਾਲ ਦੀ ਖੁਸ਼ੀ ਮਨਾਣ ਦੇ ਲਈ ।
ਗੱਭਰੂ ਕੋਈ ਨਾ ਜਾਏ ਸਰਹੱਦ ਉਤੇ
ਗੋਲੀ ਸੀਨਿਆਂ ਦੇ ਵਿਚ ਖਾਣ ਦੇ ਲਈ ।
ਚੂੜੇ ਵਾਲੀ ਦਾ ਰਹੇ ਸੁਹਾਗ ਜੀਂਦਾ
ਪਾਈ ਪਿਆਰ ਦੀ ਪੀਂਘ ਚੜ੍ਹਾਣ ਦੇ ਲਈ ।
ਮਰੇ ਬਾਪ ਨਾ ਨਿੱਕਿਆਂ ਬੱਚਿਆਂ ਦਾ
ਰਹੇ ਗੋਦੀਆਂ ਵਿਚ ਬਿਠਾਣ ਦੇ ਲਈ ।
ਕੋਈ ਕਹੇ ਨਾ ਭਜ ਗਈ ਬਾਂਹ ਲੋਕੋ
ਪੜ੍ਹ ਕੇ ਤਾਰ ਨਾ ਭਾਈ ਦੀ ਭਾਈ ਰੋਵੇ
ਨਵੇਂ ਸਾਲ ਦੀ ਖੁਸ਼ੀ ਹੈ ਸਾਰਿਆਂ ਨੂੰ
ਨਵੇਂ ਸਾਲ ਦੀ ਲੱਖ ਵਧਾਈ ਹੋਵੇ ।
ਕਿਸੇ ਭੈਣ ਨੂੰ ਮਿਲੇ ਨਾ ਖਬਰ ਐਸੀ
ਜਿਹੜੀ ਭੈਣ ਨੂੰ ਕਰਨ ਨਿਰਾਸ਼ ਆਈ ।
ਕਿਸੇ ਬਾਪ ਨੂੰ ਕਹੇ ਨਾ ਜਾ ਕੋਈ
ਫੌਜੀ ਪੁੱਤ ਦੀ ਜੰਗ 'ਚੋਂ ਲਾਸ਼ ਆਈ ।
ਸਦਾ ਮਿਲੇ ਨਾ ਕਿਸੇ ਦੇ ਸਹੁਰਿਆਂ ਨੂੰ
ਮਾੜੀ ਜੰਗ 'ਚੋਂ ਖਬਰ ਹੈ ਖਾਸ ਆਈ ।
ਓਹਿਦੇ ਦਿਲ ਲੜਾਈ ਵਿਚ ਇਉਂ 'ਨਿਮਤਾ'
ਲੰਕਾ ਰੋਣ ਦੀ ਜਿਵੇਂ ਕਰ ਰਾਖ ਢਾਈ
ਦਿਲ ਤਾਂ ਸੋਨੇ ਦੇ ਮੰਦਰੋਂ ਕਿਤੇ ਮਹਿੰਗੇ
ਨਾ ਇਹ ਢਹਿਣ ਨਾ ਕਿਤੇ ਲੜਾਈ ਹੋਵੇ ।
ਨਵੇਂ ਸਾਲ ਦੀ ਖੁਸ਼ੀ ਹੈ ਸਾਰਿਆਂ ਨੂੰ
ਨਵੇਂ ਸਾਲ ਦੀ ਲੱਖ ਵਧਾਈ ਹੋਵੇ ।

### ਸ਼ਿੰਗਾਰਾ ਸਿੰਘ ਬਿਲਗਾ

ਘਰ ਰੱਬ ਦਾ ਜਾਣ ਕੇ ਮਨ ਅੰਦਰ,
ਲੋਕੀਂ ਚੱਲ ਕੇ ਸ਼ਰਨ ਆਣ ਤੇਰੀ ।
ਉਹ ਸਮਝੇ ਰੱਬ ਨਾਲ ਮੇਲ ਹੋਇਆ,
ਜਿਹਦੇ ਨਾਲ ਹੋਈ ਸਾਂਝੀ ਜ਼ਬਾਨ ਤੇਰੀ ।
ਹੈਂ ਜਾਨ ਖਾਲਸਾ ਪੰਥ ਦੀ ਤੂੰ,
ਅਤੇ ਖਾਲਸਾ ਪੰਥ ਹੈ ਜਾਨ ਤੇਰੀ ।
ਬਿਜਲੀ ਘਟਾਂ 'ਚ ਡਰ ਕੇ ਛੁਪ ਜਾਂਦੀ,
ਸੀ ਚਮਕਦੀ ਜਦੋਂ ਕਿਰਪਾਨ ਤੇਰੀ ।
ਦਿਲ ਕੰਬ ਜਾਂਦੇ ਵੱਡੇ ਯੋਧਿਆਂ ਦੇ,
ਗਰਜ ਸੁਣ ਕੇ ਵਿਚ ਮੈਦਾਨ ਤੇਰੀ ।
ਲੱਖ ਤੂਫਾਨਾਂ ਤੋਂ ਵੱਧ ਸੀ ਸ਼ੂਕ ਪੈਂਦੀ,
ਤੀਰ ਛੱਡਦੀ ਜਦੋਂ ਕਮਾਨ ਤੇਰੀ ।
ਸਾਨੀ ਤੇਰਾ ਨਾ ਜੱਗ ਤੇ ਕੋਈ ਹੋਣਾ,
ਨਕਲ ਲੱਖ ਉਤਾਰੀ ਭਾਵੇਂ ਜਾਣ ਤੇਰੀ ।
ਲੱਖ ਵਿਦਵਾਨ ਵੀ ਕਦੇ ਨਹੀਂ ਲਿਖ ਸਕਦੇ,
ਸਿਫਤ ਲਿਖੇ ਕੀ ਇਕ ਇਨਸਾਨ ਤੇਰੀ ।
ਸ਼ਿੰਗਾਰਾ ਬਿਲਗੇ ਦਾ ਕਹੇ ਕੌਣ; ਭੁਲ ਸਕੇ,
ਕੁਰਬਾਨੀ ਕਰ ਗਈ ਜੋ ਸੰਤਾਨ ਤੇਰੀ ।
ਭਾਵੇਂ ਰਿਹਾ ਨਾ ਦਾਤਾ ਪਰਵਾਰ ਤੇਰਾ,
ਸਾਰੇ ਜੱਗ ਤੋਂ ਉੱਚੀ ਹੈ ਸ਼ਾਨ ਤੇਰੀ ।

### ਅਵਤਾਰ ਸਿੰਘ 'ਫੌਜੀ'

ਐਟਮ ਬੰਬ ਮਿਸਾਈਲ ਤੇ ਹੋਣ ਤੋਪਾਂ
ਅਸਮਾਨੀ ਉਡਣ ਲਈ ਹੋਣ ਬੀਮਾਨ ਵਧੀਆ ।
ਬਿਸ਼ੁਮਾਰ,ਸੱਪ,ਸਪੋਲੀਏ ਹੋਣ ਜੋਕਾਂ
ਜਿਊਂਦੇ ਰਹਿਣ ਦਾ ਹੋਵੇ ਸਮਾਨ ਵਧੀਆ ।
ਤੀਰ,ਤੁਪਕ,ਤਲਵਾਰ ਦੀਆਂ ਹੋਣ ਨੋਕਾਂ
ਜੰਮਣ,ਮਰਨ ਲਈ ਹੋਣ ਅਰਮਾਨ ਵਧੀਆ ।
ਵੇਦ,ਗ੍ਰੰਥ,ਕੁਰਾਣ ਜਾਂ ਹੋਣ ਕੋਕਾਂ
ਰਾਗ-ਰੰਗ ਲਈ ਹੋਵੇ ਅਸਥਾਨ ਵਧੀਆ ।
ਕੋਟ,ਕੱਛ ਜਾਂ ਸਾੜੀ ਵਿਚ ਹੋਣ ਟੋਕਾਂ
ਗੈਰਤਮੰਦ ਦੀ ਹੋਵੇ ਪਹਿਚਾਣ ਵਧੀਆ ।
ਜੰਗ - ਬਾਜ਼ ਦੇ ਨੱਕ ਵਿਚ ਨੱਥ ਪਾਓ
ਜਹਾਦ ਛਿੜੇ ਨਾ ਮਿਸਰ ਈਰਾਨ ਉਤੇ ।
ਹਿੰਦੀ,ਚੀਨੀ,ਇਸਾਈ ਸਭ ਸੁਣੋ ਭਾਈ
ਅਸੀਂ ਚਾਹੁੰਦੇ ਹਾਂ ਅਮਨ ਜਹਾਨ ਉਤੇ ।


# A.M.C. Carpet Ltd.

12983-80th. Ave., Surrey, B.C

**Carpet-Vinyl-Hardwood** All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ
ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ
ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

**Free Estimate —**

ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :

**Phone for appointment**



AMARJIT SINGH CHAHAL

**Off. 594-6141**

**Res. 594-7595**

**Pager 680-0214**


### ਤਾਰਾ "ਨਿਰਦੋਸ਼"ਗਿੱਲ
### ਯੂਬਾ ਸਿਟੀ (U.S.A)



## ਕਾਫੀ

ਰੁੱਤ ਜੋਬਨ ਦੀ ਨੀਂਦ ਨਾ ਆਵੇ ।
ਜ਼ਾਲਮ ਇਸ਼ਕ ਮੈਨੂੰ ਬੜਾ ਸਤਾਵੇ ।
ਕਿਹਦੇ ਨਾਲ ਮੈਂ ਹੱਸ ਕੇ ਬੋਲਾਂ,
ਦਿਲ ਦੀ ਘੁੰਡੀ ਕਿਸ ਕੋਲ ਖੋਲ੍ਹਾਂ,
ਕਿਸ ਕੋਲ ਦਿਲ ਦੇ ਦੁਖੜੇ ਫੋਲ੍ਹਾਂ,
ਇਹੋ ਗੱਲ ਮੈਨੂੰ ਸਮਝ ਨਾ ਆਵੇ ।
ਰੁੱਤ ਜੋਬਨ ਦੀ——
ਰੁੱਤ ਜੋਬਨ ਦੀ ਮਹਿਕਣ ਲੱਗੀ,
ਡਾਲੀ ਡਾਲੀ ਟਹਿਕਣ ਲੱਗੀ,
ਐਪਰ ਜਿੰਦ ਏ ਸਹਿਕਣ ਲੱਗੀ,
ਪੱਲੇ ਰਹਿ ਗਏ ਹੌਕੇ ਹਾਵੇ ।
ਰੁੱਤ ਜੋਬਨ ਦੀ——
ਜਿਸਨੇ ਇਹੋ ਬੂਟਾ ਲਾਇਆ,
ਉਸਨੇ ਬਹੁਤਾ ਜ਼ੁਲਮ ਕਮਾਇਆ,
ਵਿਕਿਆ ਮੁੱਲ ਜਦ ਰੁੱਤੇ ਆਇਆ,
ਬਿਨਾਂ ਸੰਭਾਲੋਂ ਇਹ ਸੁੱਕ ਜਾਵੇ ।
ਰੁੱਤ ਜੋਬਨ ਦੀ——

## ਇਕ ਸ਼ੇਅਰ

### ਤਾਰਾ "ਨਿਰਦੋਸ਼"ਗਿੱਲ

ਮਹੀਨਾ ਸਾਉਣ ਦਾ ਰੋਜ਼ ਹੀ ਮੀਂਹ ਪੈਂਦਾ,
ਧਰਤੀ ਨੱਚਦੀ ਹਰਾ ਜਿਹਾ ਸੂਟ ਪਾ ਕੇ ।
ਚਰੀਆਂ ਬਾਜਰੇ ਮੇਵੇ ਮਾਰਦੇ ਨੇ,
ਕਿਧਰੇ ਛੱਲੀਆਂ ਕੱਤਦੀਆਂ ਸੂਤ ਆ ਕੇ ।
ਅੰਬ ਪਕ ਗਏ ਬਾਗੀਂ ਗੁਲਜ਼ਾਰ ਲੱਗੀ,
ਕੋਇਲ ਮਾਰਦੀ ਲੰਬੀ ਜਿਹੀ ਕੂਕ ਆ ਕੇ ।
ਬੈਠਾ ਵਿਚ ਪ੍ਰਦੇਸ ਦੇ ਤਾਰਿਆ ਨੂੰ,
ਕਦੀ ਸਾਵਣ ਦੀਆਂ ਪੀਂਘਾਂ ਤਾਂ ਝੂਟ ਆ ਕੇ

## ਲੋਕ ਗੀਤ

ਗਿੱਧੇ ਵਿਚ ਦੇਣੇ ਮੈਂ ਵੀ ਲਫ ਲਫ ਗੇੜੇ,
ਲਾਹੋ ਪੈਰਾਂ ਝਾਂਜਰਾਂ ਦਾ ਜੋੜਾ ਨੀ ।
ਜੇ ਮੈਂ ਵੀ ਨੱਚ ਕੇ ਦੇਖ ਲਊ,ਕੀ ਆ ਜਾਊ ਲੋਹੜਾ ਨੀ ।
ਗਲੋਂ ਲਾਹਕੇ ਬੁਰਕਾ ਮੈਂ,ਪਾਇਆ ਵੇਖੋ ਸੂਟ ਨੀ,
ਨੱਚਦੀ ਨੇ ਮਾਰਨੀ ਮੈਂ,ਲੰਮੀ ਜਹੀ ਹੂਕ ਨੀ,
ਰੰਗ ਫੁੱਟ ਵਰਗਾ,ਵੇਖੋ ਮੇਰਾ ਗੋਰਾ ਨੀ ।
ਜੇ ਮੈਂ ਵੀ ਨੱਚ ਕੇ——
ਗੋਰਾ ਚਿੱਟਾ ਰੰਗ ਮੇਰਾ,ਦੁਪਿਹਰ ਦੀਏ ਧੁੱਪ ਨੀ,
ਮਹਿਕਦਾ ਗੁਲਾਬ ਵਾਂਗ,ਲਾਲ ਮੇਰਾ ਮੁੱਖ ਨੀ,
ਜਿਹੜਾ ਤੱਕਦਾ ਹੱਡਾਂ ਨੂੰ ਲਾਵੇ ਝੋਰਾ ਨੀ ।
ਜੇ ਮੈਂ ਵੀ ਨੱਚ ਕੇ——
ਬੋਲੀਆਂ ਵੀ ਪਾਊਂ ਤੇ,ਵਜਾਊਂ ਨਾਲ ਘੜੇ ਨੂੰ,
ਹੋਵੋ ਨਾ ਨੀ ਸਹੀਓ,ਮੈਥੋਂ ਮੁੱਖ ਮੋੜ ਪਰੇ ਨੂੰ,
ਸਾਥ ਜਰਾ ਦਿਓ ਮੇਰਾ,ਦਿਓ ਭਾਵੇਂ ਥੋੜ੍ਹਾ ਨੀ ।
ਜੇ ਮੈਂ ਵੀ ਨੱਚ ਕੇ——
ਜਿਹਦਾ ਕਰੇ ਦਿਲ ਉਹੋ,ਨੱਚਣੇਂ ਨੂੰ ਆਓ ਨੀ,
ਤਾਰੇ ਵੱਲ ਵੇਖ ਐਵੇਂ,ਨੀਵੀਆਂ ਨਾ ਪਾਓ ਨੀ,
ਔਹ ਬਹਿ ਗਿਆ,ਨਣਾਨਾਂ ਦਾ ਜੋੜਾ ਨੀ ।
ਜੇ ਮੈਂ ਵੀ ਨੱਚ ਕੇ——

# ਕਬਰੇ ਨੀ -----------

ਸੰਤੋਖ ਸਿੰਘ "ਜਗਤਪੁਰੀ", ਕੈਲੇਫੋਰਨੀਆ

ਕਬਰੇ ਨੀ ਤੇਰੀ ਨਜ਼ਰ ਏ ਇਕੋ
ਪਿਆਰ ਕਰੇ ਤੂੰ ਸਭ ਨੂੰ ਚਿੱਤੋਂ ।
ਰਾਣੇ ਰੰਕ ਚ ਫਰਕ ਨਾ ਕਾਈ,
ਸਾਵੇਂ ਪਲੜੇ ਤੇਰੀ ਦੱਖੋਂ ।
ਵੱਡੇ ਸੰਗ ਮੁਹੱਬਤ ਨਹੀਂ,
ਛੋਟੇ ਦੇ ਨਾਲ ਨਫਰਤ ਨਾਹੀਂ ।
ਪੀਰ ਫਕੀਰ ਨਿਮਾਣਾ ਉਚਾ,ਆ ਜਾਏ ਕੋਈ ਹੁੱਜਤ ਨਾਹੀਂ ।
ਤੇਰੇ ਮਹਿਲੀਂ ਦਰ ਨਾ ਕੋਈ,
ਖੁੱਲ੍ਹੇ ਵਿਹੜੇ ਅੰਤ ਦੀ ਰੁਤੋਂ ।
ਕਬਰੇ ਨੀ------
ਗੋਰਾ ਕਾਲਾ ਨੀਵਾਂ ਲੰਮਾਂ,
ਕੰਮ ਕਰੀਂਦਾ ਜਾ ਨਿਕੰਮਾ ।
ਸੋਫੀ ਅਮਲੀ ਬੱਚਾ ਬੁੱਢਾ,
ਚੁੱਗਲ ਖੋਰ ਜਾਂ ਰਾਜੂ ਅੰਨ੍ਹਾ ।
ਪਹਿਲਵਾਨ ਨੀ ਮਾੜਾ ਭਾਈ,
ਤੇਰੀ ਗੋਦੀ ਵਿਚ ਆ ਸੌਂਦਾ
ਹੁਕਮ ਅਖੀਰੀ ਆਣ ਦੇ ਦੁੱਖੋਂ ।
ਕਬਰੇ ਨੀ-----
ਤੇਰੀ ਵੱਲੇ ਕੌਣ ਸੁ ਵੇਖੇ,
ਦੁਨੀਆ ਤੈਥੋਂ ਡਰ ਡਰ ਰੋਵੇ ।
ਅੱਕ ਪਲਾਹ ਦੇ ਝਾੜੇ ਝੀਂਡੇ,
ਰਾਕਸ਼ ਡਰਨੇ ਦਿਨੀਂ ਦਸੀਂਦੇ ।
ਇਨ੍ਹਾਂ ਕਰੀਰੀਂ ਛਾਂ ਏ ਮਿੱਠੀ,
ਕੋ ਨਾ ਜਾਣੇ ਅੰਤਲੀ ਚਿੱਠੀ ।
ਥੱਲੇ ਸੌਂ ਕੇ ਸਦਾ ਦੀ ਨੀਂਦੇ,
ਫਿਕਰ ਨਾ ਰਹਿੰਦਾ ਦੁਨੀਆਂ ਉਤੋਂ ।

ਕਬਰੇ ਨੀ------
ਮਹਿਲੀਉਚਾ ਹੋ ਹੋ ਹੱਸੇ,
ਜਾਂ ਝੁੱਗੀਆਂ ਦਾ ਰੰਕਣ ਰੋਵੇ ।
ਉਚੇ ਨੀਵੇਂ ਵੱਡੇ ਛੋਟੇ,
ਦੀ ਦੁਹਾਈ ਲੜ ਲੜ ਜੀਵੇ ।
ਅੰਤ ਹੋਇਆ ਚੁੱਕ ਮਿੱਟੀ ਮੋਢੇ,
ਸਾੜ ਤੇਰੀ ਝੋਲੀ ਵਿਚ ਪਾਈ ।
ਸਭ ਨੂੰ ਬੱਚੇ ਜਾਣ ਸੁਲਾਵੇਂ,
ਸੀ ਨਾ ਉਚਰੇ ਕਦੇ ਵੀ ਮੁੱਖੋਂ ।
ਕਬਰੇ ਨੀ------
ਮੈਂ ਜਿੱਦਣ ਤੋਂ ਸੁਰਤ ਸੰਭਾਲੀ,
ਤੇਰੀ ਵਲੋਂ ਨਜ਼ਰ ਸੀ ਖਾਲੀ ।
ਪਿਆਰ ਤੇਰੇ ਦੀਆਂ ਗੂਹੜੀਆਂ ਛਾਵਾਂ,
ਮੈਂ ਭਟਕ ਪਈ ਭੁੱਲ ਗਈ ਰਾਹਵਾਂ ।
ਠੇਡੇ ਖਾਧੇ ਇਸ ਦੁਨੀਆਂ ਦੇ,
ਵਣਜੀ ਚੱਕਰ ਗੁਣ ਗੁਣੀਆਂ ਦੇ ।
ਅਕਲ ਟਿਕਾਣੇ ਆਈ ਮੇਰੀ,
ਜਦ ਦੁਨੀਆਂ ਕੁੱਟੀ ਫੜਕੇ ਗੁੱਤੋਂ ।
ਕਬਰੇ ਨੀ------
ਤੂੰ ਦੁਨੀਆਂ ਦਾ ਘਰ ਏ ਪੱਕਾ,
ਤੂੰ ਦੁਨੀਆਂ ਦਾ ਅਸਲੀ ਮੀਤਾ ।
ਤੂੰ ਦੁਨੀਆਂ ਦਾ ਬਾਪੂ ਸੱਚਾ,
ਤੂੰ ਦੁਨੀਆਂ ਦੀ ਅਸਲੀ ਮਾਤਾ,
ਤੂੰ ਦੁਨੀਆਂ ਦੀ ਵੱਡੀ ਭੈਣਾਂ,
ਤੂੰ ਦੁਨੀਆਂ ਦੀ ਵੀਰ ਭਰਾਤਾ ।
ਫਿਰ ਕਿਉਂ ਤੇਰੇ ਨਾਲ ਏ ਨਫਰਤ,
ਕਿਉਂ ਨਹੀਂ ਤੇਰੇ ਦਰ ਤੇ ਝਾੜੂ ?
ਕਿਉਂ ਨਹੀਂ ਮਾਲੀ ਫੁੱਲ ਉਗਾਊ,
ਕਿਉਂ ਨਹੀਂ ਮਹਿਕ ਬਗੀਚਾ ਵਿਚੋਂ !

ਕਬਰੇ ਨੀ------
ਬਹੁ-ਮੁੱਲੇ ਲਾਏ ਬੁੱਤੀਂ ਪੱਥਰ,
ਝੂਠੇ ਘੜ ਘੜ ਪਾਏ ਅੱਖਰ ।
ਇਨ੍ਹੀਂ ਅੱਖਰੀਂ ਜਾਨ ਨਾ ਬਖਸ਼ੀ,
ਆਖਰ ਜਾਣਾ ਕਬਰ ਦੇ ਦਰ ਤਾਈਂ,
ਫਿਰ ਕਿਉਂ ਨਾ ਤੈਨੂੰ ਦਿਉਤਾ ਜਾਣਾ,
ਫਿਰ ਕਿਉਂ ਨਾ ਤੇਰੇ ਘਰ ਨੂੰ ਪੂਜਾਂ ?
ਕਿਉਂ ਨਾ ਸੰਝ ਸਵੇਰੇ ਝਾੜੂ,
ਫੜ ਸੁੰਬਰਾਂ ਵੇਹੜੇ ਦਾ ਖੂੰਜਾ ?
ਕਿਉਂ ਨਾ ਮਨ ਦੀਵੇ ਦੀ ਵੱਟੀ,
ਬਾਲਕੇ ਅੰਦਰ ਧੂਫਣ ਪਾਵਾਂ ?
ਕਿਉਂ ਨਾ ਫੁੱਲ ਬਗੀਚੀ ਲਾਕੇ,
ਤੇਰੇ ਮਹਿਲਾਂ ਤਾਈਂ ਸਜਾਵਾਂ ?
ਜਿਥੇ ਲੰਮੀਂ ਨੀਂਦੇ ਸੌਣਾ,
ਜਿਥੇ ਤੇਰੀ ਲੋਰੀ ਸੁਣਨੀ ।
ਜਿਥੇ ਸੁਰਗੀਂ ਰੱਸੀ ਪਾਕੇ,
ਜਗਤਪੁਰੀ 'ਗਿੱਲ' ਮੰਜੀ ਬੁਣਨੀ ।
ਫਿਰ ਜੇ ਮਿਲ ਜਾਏ ਪਿਆਰ ਇਹ ਤੇਰਾ,
ਮੈਂ ਘੋਲੀ ਜਾਂ ਤੇਰੇ ਉਤੇ ।
ਕਬਰੇ ਨੀ------
ਉਸ ਮੰਦਰ ਤੋਂ ਮੈਂ ਕੀ ਲੈਣਾ,
ਜਿਥੇ ਹਵਨੀਂ ਸਾੜਨ ਖਾਣਾਂ ।
ਉਨੀਂ ਮਕਾਸੀਂ ਮੈਂ ਕੀ ਜਾਣਾ,
ਜਿਥੇ ਜਿਊਂਦੀ ਬਲੀ ਚੜ੍ਹਾਣਾ ।
ਸਹੀਓ ਨੀ ਉਹ ਕਿਹੜੀ ਧਰਤੀ ?
ਸਹੀਓ ਨੀ ਉਹ ਕਿਹੜਾ ਧਰਮੀਂ ?
ਜਿਥੋਂ ਅੰਤ ਸ਼ਲੋਕ ਪੜ੍ਹਾਵਾਂ ।
ਇਸ ਦੁਨੀਆਂ ਤੇ ਨਾ ਉਹ ਧਰਮੀ,
ਇਸ ਦੁਨੀਆਂ ਤੇ ਨਾ ਉਹ ਧਰਤੀ ।

ਇਸ ਦੁਨੀਆਂ ਤੇ ਕਬਰ ਦੇ ਬਾਝੋਂ,
ਰੁੜ੍ਹ ਜਾਣੀ ਦਾ ਕੋਈ ਨਾ ਦਰਦੀ,
ਫਿਰ ਕਿਉਂ ਨਾ ਮੈਂ ਸਾੜਕੇ ਚਰਬੀ,
ਕਬਰੇ ਨੀ ਤੇਰੇ ਜੋਤ ਜਗਾਵਾਂ ।
ਭੱਜ ਤੇਰੀ ਗੋਦੀ ਸੌਂ ਜਾਵਾਂ,
ਜੀ ਕਰਦਾ ਛੁਟਕਾਰਾ ਪਾਵਾਂ ।
ਭਟਕੇ ਇਸ ਬੇ-ਰਹਿਮੀ ਜੱਗੋਂ,
ਕਬਰੇ ਨੀ------

## ਗੰਦੀ ਸਿਆਸਤ ਤੇ ਕਲਿਆਣਕਾਰੀ ਸਿਆਸਤ

ਸਮੁੱਚੇ ਦੇਸ਼ ਵਿਚ ਵਿਸ਼ੇਸ਼ ਕਰਕੇ ਪੰਜਾਬ ਵਿਚ ਜੋ ਹੋ ਰਿਹਾ ਹੈ, ਉਹਦਾ ਇਕ ਪ੍ਰਤੀਕਰਮ ਜੋ ਸਾਧਾਰਨ ਲੋਕਾਂ ਵਿਚ ਆਮ ਬਣਦਾ ਜਾ ਰਿਹਾ ਹੈ, ਉਹ ਇਹ ਹੈ ਕਿ ਸਿਆਸਤ ਇਕ ਗੰਦੀ ਖੇਡ ਹੈ। ਸਿਆਸਤਦਾਨ ਕੁਰਸੀ ਲਈ ਲੋਕਾਂ ਦੇ ਜਜ਼ਬਾਤ ਭੜਕਾਂਦੇ ਹਨ ਤੇ ਆਪਣਾ ਉਲੂ ਸਿੱਧਾ ਕਰਦੇ ਹਨ ਇਸ ਤਰ੍ਹਾਂ ਸਾਧਾਰਨ ਲੋਕ ਉਸ ਸਾਜ਼ਿਸ਼ ਦਾ ਸ਼ਿਕਾਰ ਹੋ ਰਹੇ ਹਨ, ਜੋ ਕਿ ਚੋਰ ਸਿਆਸਤਦਾਨ ਉਹਨਾਂ ਦੇ ਵਿਰੁਧ ਰਚ ਰਹੇ ਹਨ । ਉਹ ਚਾਹੁੰਦੇ ਹਨ ਕਿ ਆਮ ਆਦਮੀ ਸਿਆਸਤ ਤੋਂ ਉਪਰਾਮ ਹੋ ਜਾਏ ਅਤੇ ਜੋ ਕੁਝ ਉਹਦੇ ਨਾਲ ਬੀਤ ਰਹੀ ਹੈ, ਉਸਨੂੰ ਤਕਦੀਰ ਮੰਨ ਲਵੇ ਤੇ ਬੇਵੱਸ ਹੋ ਕੇ ਸਭ ਕੁਝ ਸਹਿੰਦਾ ਜਾਏ । ਸਾਨੂੰ ਇਸ ਸਾਜ਼ਿਸ਼ ਤੋਂ ਬਚਣਾ ਚਾਹੀਦਾ ਹੈ । ਸਾਨੂੰ ਭੁਲਣਾ ਨਹੀਂ ਚਾਹੀਦਾ ਕਿ ਕਿਸੇ ਦੇਸ਼ ਦੇ ਲੋਕਾਂ ਦੀ ਜ਼ਿੰਦਗੀ ਦਾ ਸਾਰਾ ਤੌਰ ਤਰੀਕਾ ਇਸ ਗੱਲ 'ਤੇ ਨਿਰਭਰ ਹੈ ਕਿ ਉਸ ਦੇਸ਼ ਵਿਚ ਕਿਸ ਸਿਆਸਤ ਦਾ ਰਾਜ ਹੈ। ਇਹ ਤੌਰ ਤਰੀਕਾ ਸਿਰਫ ਸਿਆਸਤ ਰਾਹੀਂ ਤੇ ਬੇਹਤਰ ਕੀਤਾ ਜਾ ਸਕਦਾ ਹੈ ।


# Business Financial Planning



Taking Care of Your Family and Business

How can I ensure that in the future my estate will have the necessary liquidity to meet outstanding debts, taxes, etc.?

Estate Analysis



Recruiting and Retaining Key Employees

What about a basic benefits package for my employees?

Group Insurance



Affordable Retirement Packages for You and Your Employees

How can I increase my retirement benefits?

Registered Retirement Savings Plan

Find Out More About The Plan(s) That Interest You Call Your Financial Planner and Complete Brokerage Service:



Sudesh Kalia
Bus: (604) 685-9335
Res: (604) 254-5837

ASSURING BRIGHT FINANCIAL FUTURES

NORTH AMERICAN LIFE
#320 - 815 W. Hastings Street
VANCOUVER, B.C. V6C 2W1




# ਸਰਬ-ਭਾਰਤ ਗੁਰਦੁਆਰਾ ਐਕਟ : ਸ਼ੰਕੇ ਅਤੇ ਸੰਭਾਵਨਾਵਾਂ

ਡਾ. ਮਹੀਪ ਸਿੰਘ

ਜਦ ਕਦੇ ਅਕਾਲੀ ਦਲ ਜਾਂ ਆਮ ਸਿੱਖਾਂ ਤੇ ਇਹ ਦੋਸ਼ ਲਾਇਆ ਜਾਂਦਾ ਹੈ ਕਿ ਉਹ ਖਾਲਿਸਤਾਨ ਦੇ ਨਾਂ ਨਾਲ ਆਪਣਾ ਇਕ ਵੱਖਰਾ ਦੇਸ਼ ਬਣਾ ਕੇ ਭਾਰਤ ਦੇ ਟੋਟੇ ਕਰਨਾ ਚਾਹੁੰਦੇ ਹਨ ਤਾਂ,ਉਨ੍ਹਾਂ ਵਲੋਂ ਇਹ ਤਰਕ ਦਿੱਤਾ ਜਾਂਦਾ ਹੈ ਕਿ ਸਾਡੀਆਂ ਮੰਗਾਂ ਵਿਚ ਇਕ ਬੇਹੱਦ ਮਹੱਤਵ ਪੂਰਨ ਮੰਗ ਇਹ ਹੈ ਕਿ ਪੰਜਾਬ ਗੁਰਦੁਆਰਾ ਐਕਟ ਨੂੰ ਰੱਦ ਕਰਕੇ ਇਕ ਸਰਬ ਭਾਰਤ ਗੁਰਦੁਆਰਾ ਐਕਟ ਬਣਾਇਆ ਜਾਏ। ਕੀ ਇਸ ਨਾਲ ਇਹ ਸਿੱਧ ਨਹੀਂ ਹੁੰਦਾ ਕਿ ਅਸੀਂ ਸਾਰੇ ਭਾਰਤ ਨੂੰ ਆਪਣਾ ਦੇਸ਼ ਮੰਨਦੇ ਹਾਂ ਅਤੇ ਆਪਣੇ ਗੁਰਦੁਆਰਿਆਂ ਦਾ ਪ੍ਰਬੰਧ ਸਾਰੇ ਭਾਰਤ ਪੱਧਰ ਤੇ ਕਰਨਾ ਚਾਹੁੰਦੇ ਹਾਂ।

ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਦੀ ਮੰਗ ਅਕਾਲੀ ਦਲ ਵਲੋਂ ਕਾਫੀ ਦੇਰ ਤੋਂ ਕੀਤੀ ਜਾਰਹੀ ਹੈ। ਸਭ ਤੋਂ ਪਹਿਲਾਂ 1960 ਦੇ ਕਰੀਬ ਦੋ ਅਕਾਲੀ ਸੰਸਦ ਮੈਂਬਰਾਂ ਨੇ ਸੰਸਦ ਵਿਚ ਇਕ ਨਿੱਜੀ ਬਿੱਲ ਪੇਸ਼ ਕਰਕੇ ਆਲ ਇੰਡੀਆ ਗੁਰਦੁਆਰਾ ਐਕਟ ਦੀ ਮੰਗ ਕੀਤੀ। ਉਸ ਪ੍ਰਸਤਾਵ ਨੂੰ ਪਾਰਲੀਮੈਂਟ ਵਿਚ ਜ਼ਰੂਰੀ ਸਮਰਥਨ ਨਾ ਮਿਲਣ ਕਾਰਨ ਇਹ ਸਿਰੇ ਨਾ ਚੜ੍ਹਿਆ। 1977 ਵਿਚ ਜਦ ਕੇਂਦਰ ਵਿਚ ਜਨਤਾ ਸਰਕਾਰ ਆਈ ਅਤੇ ਪੰਜਾਬ ਵਿਚ ਵੀ ਅਕਾਲੀ-ਜਨਤਾ ਸਰਕਾਰ ਬਣੀ ਤਾਂ ਅਕਾਲੀ ਦਲ ਕੇਂਦਰ ਵਿਚ ਵੀ ਜਨਤਾ ਪਾਰਟੀ ਵਿਚ ਸੱਤਾ ਦਾ ਭਾਗੀਦਾਰ ਬਣਿਆ ਅਤੇ ਉਸ ਦੇ ਦੋ ਮੈਂਬਰ ਸ:ਸੁਰਜੀਤ ਸਿੰਘ ਬਰਨਾਲਾ ਅਤੇ ਸ:ਧੰਨਾ ਸਿੰਘ ਗੁਲਸ਼ਨ ਕੇਂਦਰੀ ਮੰਤਰੀ ਮੰਡਲ ਵਿਚ ਸ਼ਾਮਲ ਹਏ। ਉਸ ਸਮੇਂ ਜਨਤਾ ਪਾਰਟੀ ਨੇ ਅਕਾਲੀ ਦਲ ਨਾਲ ਇਹ ਵਾਅਦਾ ਕੀਤਾ ਸੀ ਕਿ ਸਰਬ ਭਾਰਤ ਗੁਰਦੁਆਰਾ ਬਿਲ ਨੂੰ ਸੰਸਦ ਵਿਚ ਲਿਆ ਕੇ ਕਾਨੂੰਨ ਬਣਾਇਆ ਜਾਏਗਾ। 1977 ਵਿਚ ਇਸ ਬਿੱਲ ਦਾ ਇਕ ਖਰੜਾ ਤਿਆਰ ਕੀਤਾ ਗਿਆ ਸੀ ਪਰ ਉਸ ਉਪਰ ਕੁਝ ਕਾਰਵਾਈ ਹੋਣ ਤੋਂ ਪਹਿਲਾਂ ਹੀ ਜਨਤਾ ਸਰਕਾਰ ਡਿੱਗ ਗਈ।

ਰਾਜੀਵ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਰਮਿਆਨ 24 ਜੁਲਾਈ 1985 ਨੂੰ ਜੋ ਸਮਝੌਤਾ ਹੋਇਆ,ਉਸ ਦੀ ਧਾਰਾ 5 ਵਿਚ ਕਿਹਾ ਗਿਆ ਹੈ—'ਭਾਰਤ ਸਰਕਾਰ ਆਲ ਇੰਡੀਆ ਗੁਰਦੁਆਰਾ ਐਕਟ ਬਨਾਉਣ ਲਈ ਵਿਚਾਰ ਕਰਨ ਨੂੰ ਤਿਆਰ ਹੈ। ਇਸ ਸੰਬੰਧ ਵਿਚ ਸ਼੍ਰੋਮਣੀ ਪ੍ਰਬੰਧਕ ਕਮੇਟੀ ਅਤੇ ਹੋਰ ਸੰਬੰਧਤ ਪੱਖਾਂ ਤੋਂ ਸੰਵਿਧਾਨਕ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਬਾਦ ਬਿਲ ਲਿਆਂਦਾ ਜਾਏਗਾ।

ਮੌਜੂਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਸੰਨ 1925 ਦੇ ਪੰਜਾਬ ਸਿਖ ਗੁਰਦੁਆਰਾ ਐਕਟ ਦੇ ਤਹਿਤ ਕੀਤਾ ਗਿਆ ਸੀ ਉਸ ਸਮੇਂ ਦੇ ਪੰਜਾਬ ਵਿਚ ਹਦੂਦ ਵਿਚ ਅੱਜ ਦਾ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਵੀ ਆਉਂਦੇ ਸਨ। ਇਸ ਲਈ ਇਹ ਕਾਨੂੰਨ ਅੱਜ ਭਾਰਤ ਦੇ ਉਨ੍ਹਾਂ ਸਾਰੇ ਰਾਜਾਂ ਤੇ ਲਾਗੂ ਹੁੰਦਾ ਹੈ ਜੋ ਕਿਸੇ ਸਮੇਂ ਪੰਜਾਬ ਦਾ ਹਿੱਸਾ ਸਨ

ਗੁਰਦੁਆਰਾ ਅੰਦੋਲਨ ਦਾ ਆਪਣਾ ਲੰਬਾ ਇਤਿਹਾਸ ਹੈ। 1920 ਤੋਂ ਪਹਿਲਾਂ ਸਾਰੇ ਪ੍ਰਮੁਖ ਇਤਿਹਾਸਕ ਗੁਰਦੁਆਰਿਆਂ 'ਤੇ ਮਹੰਤਾਂ ਦਾ ਕਬਜ਼ਾ ਸੀ। ਸਿੱਖ ਰਾਜ ਸਮੇਂ ਗੁਰਦੁਆਰਿਆਂ ਨੂੰ ਬੜੀਆਂ ਬੜੀਆਂ ਜ਼ਮੀਨਾਂ ਦੇ ਦਿੱਤੀਆਂ ਗਈਆਂ ਸਨ ਜਿਸ ਨਾਲ ਕਿ ਉਨ੍ਹਾਂ ਦਾ ਆਰਥਿਕ ਪ੍ਰਬੰਧ ਠੀਕ ਚਲਦਾ ਰਹੇ। ਸ਼ਰਧਾਲੂਆਂ ਵਲੋਂ ਚੜ੍ਹਾਇਆ ਜਾਣ ਵਾਲਾ ਧਨ ਵੀ ਵੱਡੀ ਮਾਤਰਾ ਵਿਚ ਇਨ੍ਹਾਂ ਗੁਰਦੁਆਰਿਆਂ ਵਿਚ ਆਉਂਦਾ ਸੀ। ਧਨ,ਜਾਇਦਾਦ ਆਦਿ ਨਾਲ ਉਹ ਮਹੰਤ ਪੂਰੀ ਤਰ੍ਹਾਂ ਭ੍ਰਿਸ਼ਟ ਅਤੇ ਚਰਿਤਰਹੀਣ ਹੋ ਗਏ ਸਨ। ਗੁਰਦੁਆਰਿਆਂ ਵਿਚ ਅਨੇਕਾਂ ਅਜਿਹੀਆਂ ਕੁਰੀਤੀਆਂ ਆ ਗਈਆਂ ਸਨ ਜਿਨ੍ਹਾਂ ਦੀ ਸਿੱਖ ਧਰਮ ਵਿਚ ਪੂਰੀ ਤਰ੍ਹਾਂ ਮਨਾਹੀ ਸੀ। ਇਸ ਦੇਸ਼ ਵਿਚ ਉਹ ਸਮਾਂ ਨਵੀਂ ਜਾਗ੍ਰਿਤੀ ਦਾ ਸੀ। ਨਵੀਆਂ ਉਭਰੀਆਂ ਅਨੇਕਾਂ ਸੰਸਥਾਵਾਂ ਨੇ ਗੁਰਦੁਆਰਿਆਂ ਦੇ ਸੁਧਾਰ ਦਾ ਬੀੜਾ ਚੁੱਕਿਆ।

ਗੁਰਦੁਆਰਾ ਸੁਧਾਰ ਦਾ ਅੰਦੋਲਨ ਚਾਰ ਪੰਜ ਸਾਲ ਤਕ ਚਲਦਾ ਰਿਹਾ। ਇਸ ਅੰਦੋਲਨ ਵਿਚ ਸੈਂਕੜੇ ਲੋਕ ਮਾਰੇ ਗਏ ਅਤੇ ਹਜ਼ਾਰਾਂ ਨੂੰ ਥੋੜ੍ਹੀਆਂ ਬਹੁਤ ਸਜ਼ਾਵਾਂ ਮਿਲੀਆਂ। ਅੰਤ ਵਿਚ ਸਰਕਾਰ ਨੇ ਗੋਡੇ ਟੇਕ ਦਿੱਤੇ ਅਤੇ ਕਾਨੂੰਨ ਬਣਾ ਦਿੱਤਾ ਗਿਆ। ਇਸ ਕਾਨੂੰਨ ਤਹਿਤ ਪੰਜਾਬ ਖੇਤਰ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਲਈ ਬਾਲਗ ਵੋਟ ਅਧਿਕਾਰ ਦੇ ਆਧਾਰ ਤੇ ਚੁਣੇ ਹੋਏ ਪ੍ਰਤੀਨਿਧਾਂ ਦੀ ਕਮੇਟੀ,ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਹਾ ਗਿਆ,ਬਣਾਈ ਗਈ। ਇਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਪੰਜਾਬ,ਹਰਿਆਣਾ,ਹਿਮਾਚਲ ਪ੍ਰਦੇਸ਼ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਖੇਤਰਾਂ ਵਿਚ ਬਣਾਏ ਗਏ ਚੋਣ ਹਲਕਿਆਂ ਵਿਚੋਂ ਵੋਟ ਦੇ ਹੱਕ ਦੇ ਆਧਾਰ ਤੇ 140 ਮੈਂਬਰ ਚੁਣੇ ਜਾਂਦੇ ਹਨ। ਇਸ ਤੋਂ ਇਲਾਵਾ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੁਖ ਗਰੰਥੀ ਅਤੇ ਅਕਾਲ ਤਖਤ (ਅੰਮ੍ਰਿਤਸਰ) ਕੇਸਗੜ੍ਹ ਸਾਹਿਬ (ਆਨੰਦਪੁਰ) ਪਟਨਾ ਸਾਹਿਬ (ਬਿਹਾਰ) ਅਤੇ ਹਜ਼ੂਰ ਸਾਹਿਬ (ਨਾਂਦੇੜ) ਦੇ ਜਥੇਦਾਰ ਨਾਮਜ਼ਦ ਮੈਂਬਰ ਹੁੰਦੇ ਹਨ। 15 ਮੈਂਬਰ ਭਾਰਤ ਦੇ ਵੱਖ ਵੱਖ ਹਿੱਸਿਆਂ ਤੋਂ ਨਾਮਜ਼ਦ ਕੀਤੇ ਜਾਂਦੇ ਹਨ। ਇਹ ਕਮੇਟੀ ਲਗਪਗ 400 ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਕਰਦੀ ਹੈ। ਅੱਜ ਕੱਲ੍ਹ ਇਸ ਦਾ ਸਾਲਾਨਾ ਬਜਟ 12 ਕਰੋੜ ਰੁਪਏ ਹੈ।

ਇਸ ਸਮੇਂ ਆਲ ਇੰਡੀਆ ਗੁਰਦੁਆਰਾ ਐਕਟ ਦੇ ਖਰੜੇ ਤੇ ਗੱਲਬਾਤ ਚੱਲ ਰਹੀ ਹੈ। 1977 ਵਿਚ ਪੰਜਾਬ ਹਰਿਆਣਾ ਹਾਈ ਕੋਰਟ ਦੇ ਰਿਟਾਇਰਡ ਜੱਜ ਸ:ਹਰਬੰਸ ਸਿੰਘ ਦੀ ਪ੍ਰਧਾਨਗੀ ਹੇਠ ਕਾਇਮ ਹੋਈ ਕਮੇਟੀ ਨੇ ਆਲ ਇੰਡੀਆ ਗੁਰਦੁਆਰਾ ਐਕਟ ਲਈ ਇਕ ਖਰੜਾ ਤਿਆਰ ਕੀਤਾ ਸੀ। ਉਹ ਖਰੜਾ ਬਹੁ-ਗਿਣਤੀ ਸਿੱਖ ਸੰਸਥਾਵਾਂ ਨੇ ਮਨਜ਼ੂਰ ਨਹੀਂ ਕੀਤਾ। ਇਸੇ ਦੌਰਾਨ ਪੰਜਾਬ ਸਰਕਾਰ ਨੇ ਪੰਜਾਬ ਦੇ ਸੂਚਨਾ ਮੰਤਰੀ ਨੱਥਾ ਸਿੰਘ ਦਾਲਮ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣਾਈ ਹੈ ਜੋ ਇਸ ਬਿੱਲ ਦਾ ਨਵਾਂ ਖਰੜਾ ਤਿਆਰ ਕਰ ਰਹੀ ਹੈ। ਇਸ ਕਮੇਟੀ ਦੇ ਹੋਰ ਮੈਂਬਰ ਹਨ—ਮਨਜੀਤ ਸਿੰਘ ਖਹਿਰਾ, ਡਾ:ਗੁਰਨਾਮ ਸਿੰਘ ਤੀਰ ਅਤੇ ਜਸਬੀਰ ਸਿੰਘ ਆਹਲੂਵਾਲੀਆ।

ਇਸ ਪ੍ਰਸਤਾਵ ਬਿਲ ਦਾ ਜੋ ਖਰੜਾ ਇਸ ਕਮੇਟੀ ਨੇ ਤਿਆਰ ਕੀਤਾ ਹੈ,ਉਸ ਵਿਚ ਦੇਸ਼ ਭਰ ਵਿਚ ਫੈਲੇ ਸਾਰੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਲਈ ਤਿੰਨ ਪਰਤਾਂ ਵਾਲੀ ਵਿਵਸਥਾ ਦਾ ਸੁਝਾਅ ਰੱਖਿਆ ਗਿਆ ਹੈ,ਪਹਿਲੀ ਪਰਤ ਸਥਾਨਕ ਪ੍ਰਬੰਧਕ ਕਮੇਟੀ ਦੀ ਹੋਵੇਗੀ,ਜੋ ਉਸ ਵਿਸ਼ੇਸ਼ ਗੁਰਦੁਆਰੇ ਜਾਂ ਗੁਰਦੁਆਰਿਆਂ ਦਾ ਪ੍ਰਬੰਧ ਕਰੇਗੀ। ਦੂਸਰੀ ਪਰਤ ਉਸ ਰਾਜ ਜਾਂ ਖੇਤਰ ਦੇ ਅਜਿਹੇ ਸਾਰੇ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਚੁਣੇ ਹੋਏ ਪ੍ਰਤੀਨਿਧੀ ਆਉਣਗੇ। ਤੀਜੀ ਅਤੇ ਅੰਤਮ ਪਰਤ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਵੇਗੀ ਜੋ ਵਿਆਪਕ ਨਿਰਦੇਸ਼ ਦੇਣ ਦਾ ਕੰਮ ਕਰੇਗੀ।

19 ਅਕਤੂਬਰ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਲਾਅ ਵਿਭਾਗ ਨੇ ਸਰਬ - ਭਾਰਤੀ ਗੁਰਦੁਆਰਾ ਐਕਟ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਇਕ ਗੋਸ਼ਟੀ ਦਾ ਪ੍ਰਬੰਧ ਕੀਤਾ ਜਿਸ ਵਿਚ ਲਗਪਗ 30 ਵਿਦਵਾਨਾਂ ਨੇ ਹਿੱਸਾ ਲਿਆ। ਇਸ ਗੋਸ਼ਟੀ ਵਿਚ ਪ੍ਰਸਤਾਵਿਤ ਐਕਟ ਦੇ ਸਬੰਧ ਵਿਚ 8 ਸੂਤਰੀ ਸੁਝਾਅ ਦਿੱਤੇ ਹਨ। ਪਹਿਲਾ ਸੁਝਾਅ ਇਹ ਹੈ ਕਿ ਗੁਰਦੁਆਰਿਆਂ ਦੇ ਪ੍ਰਬੰਧ ਦਾ ਪਰਤੀ ਢਾਂਚਾ ਹੋਵੇ ਅਤੇ ਸਾਰੇ ਗੁਰਦੁਆਰਿਆਂ ਵਿਚ ਇਕੋ ਜਿਹੀ ਮਰਿਆਦਾ ਦਾ ਪਾਲਣ ਕੀਤਾ ਜਾਏ।

ਦੂਜਾ ਸੁਝਾਅ ਇਹ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਦਿਤੇ ਗਏ ਨਿਰਦੇਸ਼ ਅਨੁਸਾਰ ਗੁਰਦੁਆਰਿਆਂ ਦਾ ਪ੍ਰਬੰਧ ਰਾਜ ਪੱਧਰ ਦੇ ਗੁਰਦੁਆਰਾ ਬੋਰਡ ਰਾਹੀਂ ਕੀਤਾ ਜਾਏ। ਪੰਜਾਬ ਸਮੇਤ ਸਾਰੇ ਰਾਜਾਂ ਦੀਆਂ ਆਪਣੀਆਂ ਆਪਣੀਆਂ ਪ੍ਰਬੰਧਕ ਕਮੇਟੀਆਂ ਹੋਣ ਜੋ ਨਿਰਧਾਰਤ ਨਿਯਮਾਂ ਦੇ ਅਨੁਸਾਰ ਕਾਇਮ ਕੀਤੀਆਂ ਜਾਣ। ਇਸ ਨਾਲ ਇਨ੍ਹਾਂ ਪ੍ਰਬੰਧਕ ਕਮੇਟੀਆਂ ਨੂੰ ਵਧੇਰੇ ਆਜ਼ਾਦੀ ਮਿਲੇਗੀ ਤੇ ਉਨ੍ਹਾਂ ਵਿਚ ਤਾਲਮੇਲ ਵੀ ਬਣਿਆ ਰਹੇਗਾ।

ਤੀਜਾ ਸੁਝਾਅ ਇਹ ਹੈ ਕਿ ਸ਼੍ਰੋਮਣੀ ਕਮੇਟੀ ਵਿਚ ਰਾਜਾਂ ਦੀਆਂ ਪ੍ਰਬੰਧਕ ਕਮੇਟੀਆਂ ਦੀ,ਉਥੋਂ ਦੀ ਸਿਖ ਜਨ-ਸੰਖਿਆ ਦੇ ਆਧਾਰ ਤੇ ਫੈਡਰਲ ਮੈਂਬਰਸ਼ਿਪ ਹੋਵੇ। ਚੌਥਾ ਸੁਝਾਅ ਹੈ ਕਿ ਸਾਰੀਆਂ ਪ੍ਰਬੰਧਕ ਕਮੇਟੀਆਂ ਵਿਚ ਕੰਮ ਅਤੇ ਹੱਕ ਦੀ ਇਸ ਤਰ੍ਹਾਂ ਵੰਡ ਹੋਵੇ ਕਿ ਜਾਂਚ ਅਤੇ ਸੰਤੁਲਨ ਦਾ ਸਿਧਾਂਤ ਬਣਿਆ ਰਹੇ। ਮਿਸਾਲ ਲਈ ਕਿਸੇ ਪ੍ਰਬੰਧਕ ਕਮੇਟੀ ਨੂੰ ਭੰਗ ਕਰਨ ਦਾ ਅਧਿਕਾਰ ਕਿਸੇ ਰਾਜ ਪੱਧਰ ਦੀ ਕਮੇਟੀ ਨੂੰ ਹੋਵੇ,ਨਾ ਕਿ ਸ਼੍ਰੋਮਣੀ ਕਮੇਟੀ ਨੂੰ,ਇਹ ਸਿਫਾਰਸ਼ ਵੀ ਕੀਤੀ ਗਈ ਹੈ ਕਿ ਭੰਗ ਕਮੇਟੀ ਨੂੰ ਅਪੀਲ ਕਰਨ ਦਾ ਅਧਿਕਾਰ ਹੋਵੇ ਅਤੇ ਫਿਰ 6 ਮਹੀਨੇ ਅੰਦਰ ਨਵੀਂ ਚੋਣ ਕਰਵਾਉਣੀ ਜ਼ਰੂਰੀ ਹੋਵੇ।

ਇਹ ਸਿਫਾਰਸ਼ ਵੀ ਕੀਤੀ ਗਈ ਹੈ ਕਿ ਸ਼੍ਰੋਮਣੀ ਕਮੇਟੀ ਦੀ ਹਰ ਪੰਜ ਸਾਲ ਬਾਦ ਚੋਣ ਜ਼ਰੂਰੀ ਹੋਵੇ। ਇਹ ਕੰਮ ਗੁਰਦੁਆਰਾ ਐਕਟ ਰਾਹੀਂ

ਬਾਕੀ ਪੰਨਾ 26 'ਤੇ

**BLOCK BROS. REALTY LTD.**

9360 - 120 St. SURREY, B.C. V3V 4B9

ਆਪਣਾ ਘਰ ਖ੍ਰੀਦਣ ਜਾਂ ਵੇਚਣ ਲਈ, ਕਮਰਸ਼ਲ ਜਾਂ ਇੰਡਸਟਰੀਅਲ ਪ੍ਰਾਪਰਟੀਆਂ ਦੀਆਂ ਲੋੜਾਂ ਲਈ ਜੇ ਤੁਹਾਨੂੰ ਪ੍ਰੋਫੈਸ਼ਨਲ ਮੱਦਦ ਦੀ ਲੋੜ ਹੈ ਤਾਂ ਤੁਹਾਡੀ ਸੇਵਾ ਲਈ ਹਾਜ਼ਰ ਹਨ

**ਬੇਅੰਤ ਸੇਖੋਂ**

ਪ੍ਰਾਪਰਟੀ ਬਾਰੇ ਕਿਸੇ ਕਿਸਮ ਦੀ ਜਾਣਕਾਰੀ ਲਈ ਅੱਜ ਹੀ ਫੋਨ ਕਰੋ

**Bus. (604) 581-4601**

**Res. (604) 591-1354 ਜਾਂ 588-0749**



BEANT SEKHON
Res. 591-1354
or
588-0749

ਪੰਨਾ 25 ਦੀ ਬਾਕੀ

ਕਾਇਮ ਮਸ਼ੀਨਰੀ ਰਾਹੀਂ ਕੀਤਾ ਜਾਣਾ ਚਾਹੀਦਾ ਹੈ। 18 ਸਾਲ ਦੇ ਵਿਅਕਤੀ ਨੂੰ ਵੋਟ ਦਾ ਹੱਕ ਪ੍ਰਾਪਤ ਹੋਣਾ ਚਾਹੀਦਾ ਹੈ। ਕਮੇਟੀ ਦੀ ਮੈਂਬਰਸ਼ਿਪ ਲਈ ਉਮੀਦਵਾਰ ਦੀਆਂ ਕੁਝ ਸਿੱਖਿਅਕ ਯੋਗਤਾਵਾਂ ਨਿਰਧਾਰਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਹਰੀਜਨ ਸਿੱਖਾਂ ਲਈ ਵਰਤਮਾਨ ਰਜ਼ਿਰਵੇਸ਼ਨ ਦੀ ਵਿਵਸਥਾ ਰੱਖਦੇ ਹੋਏ ਕੁਝ ਸਥਾਨ ਔਰਤਾਂ ਲਈ ਵੀ ਰਿਜ਼ਰਵ ਕੀਤੇ ਜਾਣੇ ਚਾਹੀਦੇ ਹਨ।

ਇਸ ਗੋਸ਼ਟੀ ਦੀ ਇਕ ਮਹੱਤਵ ਪੂਰਨ ਸਿਫਾਰਸ਼ ਇਹ ਹੈ ਕਿ ਧਾਰਮਿਕ ਵਿਰਤੀ ਦੇ ਸਹੀ ਲੋਕਾਂ ਨੂੰ ਗੁਰਦੁਆਰਾ ਪ੍ਰਬੰਧ ਵਿਚ ਲਿਆਉਣ ਲਈ ਅਤੇ ਸੇਵਾ ਭਾਵ ਦੀ ਪ੍ਰਵਿਰਤੀ ਨੂੰ ਉਤਸ਼ਾਹਤ ਕਰਨ ਲਈ ਉਨ੍ਹਾਂ ਲੋਕਾਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲੜਨ ਦੀ ਰੋਕ ਲਾ ਦਿੱਤੀ ਜਾਏ ਜੋ ਵਿਧਾਨ ਸਭਾਵਾਂ ਜਾਂ ਇਹੋ ਜਿਹੀਆਂ ਹੋਰ ਸੰਸਥਾਵਾਂ ਦੀ ਮੈਂਬਰੀ ਪ੍ਰਾਪਤ ਕਰਨਾ ਚਹੁੰਦੇ ਹੋਣ। ਇਕ ਸੁਝਾਅ ਇਹ ਵੀ ਹੈ ਕਿ ਮੌਜੂਦਾ ਗੁਰਦੁਆਰਾ ਨਿਆਂ ਪ੍ਰਣਾਲੀ ਨੂੰ ਅਜਿਹਾ ਬਣਾਇਆ ਜਾਏ ਜਿਸ ਨਾਲ ਅਦਾਲਤ ਜਾਂ ਟ੍ਰਿਬਿਊਨਲ ਦੇ ਸਾਹਮਣੇ ਆਏ ਦਾਂਅਵਿਆਂ ਦਾ ਛੇਤੀ ਨਿਪਟਾਰਾ ਕੀਤਾ ਜਾ ਸਕੇ।

ਵੱਖ ਵੱਖ ਪ੍ਰਸ਼ਾਸਨਿਕ ਅਹੁਦਿਆਂ ਤੇ ਸ਼੍ਰੋਮਣੀ ਕਮੇਟੀ ਵਲੋਂ ਬਣਾਏ ਗਏ ਨਿਯਮਾਂ ਦੇ ਅਧਾਰ ਤੇ ਨਿਯੁਕਤੀ ਕੀਤੀ ਜਾਏ ਪਰ ਅਸਲੀ ਨਿਯੁਕਤੀ ਇਸ ਕੰਮ ਲਈ ਵਿਸ਼ੇਸ਼ ਰੂਪ ਨਾਲ ਕਾਇਮ ਹੋਏ ਲੋਕ ਸੇਵਾ ਕਮਿਸ਼ਨਾਂ ਰਾਹੀਂ ਕੀਤੀ ਜਾਏ।

ਇਸ ਗੋਸ਼ਟੀ ਦੀ ਸਿਫਾਰਸ਼ ਇਹ ਹੈ ਕਿ ਵੱਖ ਵੱਖ ਤਖਤਾਂ ਦੇ ਜਥੇਦਾਰਾਂ ਨੂੰ ਸ਼੍ਰੋਮਣੀ ਕਮੇਟੀ ਦੇ ਤਨਖਾਹਦਾਰ ਆਦਮੀ ਨਾ ਸਮਝਿਆ ਜਾਵੇ। ਇਸ ਅਹੁਦੇ 'ਤੇ ਇਕ ਵਾਰ ਕਾਇਮ ਕੀਤੇ ਜਾਣ ਬਾਦ ਕਿਸੇ ਵੀ ਜਥੇਦਾਰ ਨੂੰ ਉਸ ਸਮੇਂ ਤਕ ਕੰਮ ਕਰਨ ਦਾ ਹੱਕ ਹੋਣਾ ਚਾਹੀਦਾ ਹੈ ਕਿ ਜਿੰਨੇ ਸਮੇਂ ਤਕ ਉਸ ਵਿਚ ਕੰਮ ਕਰਨ ਦੀ ਸਮਰੱਥਾ ਹੋਵੇ। ਉਨ੍ਹਾਂ ਨੂੰ ਮਾਣ ਵਜੋਂ ਦਿੱਤੇ ਜਾਣ ਵਾਲੇ ਧਨ ਦੀ ਸਮੇਂ ਸਮੇਂ ਸਮੀਖਿਆ ਕੀਤੀ ਜਾਏ।

ਪੰਜਾਬ ਸਰਕਾਰ ਵਲੋਂ ਕਾਇਮ ਕੀਤੀ ਕਮੇਟੀ ਨੇ ਆਪਣਾ ਡਰਾਫਟ ਲਗਪਗ ਤਿਆਰ ਕਰ ਲਿਆ ਹੈ। ਇਸ ਖਰੜੇ ਤੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਦੀਆਂ ਮੌਜੂਦਾ ਪ੍ਰਬੰਧਕ ਕਮੇਟੀਆਂ ਵਲੋਂ ਵਿਚਾਰ ਕੀਤਾ ਜਾਏਗਾ ਅਤੇ ਉਨ੍ਹਾਂ ਦੇ ਸੁਝਾਅ ਮੰਗੇ ਜਾਣਗੇ।

ਗੁਰਦੁਆਰਾ ਐਕਟ ਬਣਨ 'ਚ ਤਾਂ ਅਜੇ ਸ਼ਾਇਦ ਕਾਫੀ ਦੇਰ ਜਾਪਦੀ ਹੈ ਪਰ ਉਸ ਨੂੰ ਲੈ ਕੇ ਕਾਫੀ ਵਾਦ-ਵਿਵਾਦ ਸ਼ੁਰੂ ਹੋ ਗਿਆ ਹੈ। ਬੀਤੇ ਚਾਰ ਪੰਜ ਸਾਲਾਂ ਵਿਚ ਜੋ ਘਟਨਾਵਾਂ ਹੋਈਆਂ ਹਨ,ਉਸ ਤੋਂ ਘਬਰਾਏ ਹੋਏ ਲੋਕ ਕਿੰਤੂ ਕਰ ਰਹੇ ਹਨ। ਇਹ ਖਦਸ਼ਾ ਵੀ ਪ੍ਰਗਟ ਕੀਤਾ ਜਾ ਰਿਹਾ ਹੈ ਕਿਇਸ ਦੇ ਐਕਟ ਬਣ ਜਾਣ ਦੇ ਬਾਦ ਅਕਾਲੀ ਦਲ ਦਾ ਪ੍ਰਭਾਵ ਪੰਜਾਬ ਤੋਂ ਬਾਹਰ ਨਿਕਲ ਕੇ ਸਾਰੇ ਦੇਸ਼ ਵਿਚ ਫੈਲ ਜਾਏਗਾ।

ਆਮ ਧਾਰਨਾ ਇਹ ਹੈ ਕਿ ਅਕਾਲੀ ਦਲ ਗੁਰਦੁਆਰਿਆਂ ਤੋਂ ਪ੍ਰਾਪਤ ਧਨ ਦੀ ਵਰਤੋਂ ਆਪਣੇ ਰਾਜਸੀ ਹਿੱਤਾਂ ਲਈ ਕਰਦਾ ਹੈ। ਸਰਬ ਭਾਰਤ ਗੁਰਦੁਆਰਾ ਕਾਨੂੰਨ ਬਣ ਜਾਣ ਨਾਲ ਸ਼੍ਰੋਮਣੀ ਕਮੇਟੀ ਦੀ ਧਨ ਰਾਸ਼ੀ ਬਹੁਤ ਵੱਧ ਜਾਏਗੀ। ਅੱਜ ਜੋ ਸਾਲਾਨਾ ਬਜਟ 12 ਕਰੋੜ ਦਾ ਹੈ ਉਹ ਵੱਧ ਕੇ 30 ਕਰੋੜ ਦਾ ਹੋ ਜਾਏਗਾ। ਏਨੀ ਵੱਡੀ ਰਕਮ ਬਹੁਤ ਵਡੀ ਕਿਆਮਤ ਲਿਆ ਸਕਦੀ ਹੈ।

ਆਲ ਇੰਡੀਆ ਗੁਰਦੁਆਰਾ ਕਾਨੂੰਨ ਬਣ ਜਾਣ ਤੋਂ ਬਾਦ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੇਗੀ ਉਸ ਵਿਚ ਪੰਜਾਬ ਤੋਂ ਬਾਹਰ ਦੇ ਸਿੱਖਾਂ ਦੀ ਵੀ ਪ੍ਰਭਾਵਸ਼ਾਲੀ ਪ੍ਰਤੀਨਿਧਤਾ ਹੋਵੇਗੀ।

ਵੱਖ ਵੱਖ ਰਾਜਾਂ ਦੀਆਂ ਪ੍ਰਬੰਧਕਾਂ ਕਮੇਟੀਆਂ ਦੀ ਸ਼੍ਰੋਮਣੀ ਕਮੇਟੀ ਵਿਚ ਜਿਸ ਤਰ੍ਹਾਂ ਦੀ ਹਿੱਸੇਦਾਰੀ ਹੋਵੇਗੀ,ਉਹ ਉਸ ਨੂੰ ਉਸ ਤਰ੍ਹਾਂ ਦੀ ਮਨ ਮਰਜ਼ੀ ਨਹੀਂ ਕਰਨ ਦੇਣਗੀਆਂ,ਜਿਸ ਤਰ੍ਹਾਂ ਉਹ ਹੁਣ ਤਕ ਕਰਦੀ ਆਈ ਹੈ।

ਆਲ ਇੰਡੀਆ ਗੁਰਦੁਆਰਾ ਕਾਨੂੰਨ ਨਾਲ ਸ਼੍ਰੋਮਣੀ ਕਮੇਟੀ ਦਾ ਚਰਿੱਤਰ ਸਰਵਦੇਸ਼ਿਕ ਬਣੇਗਾ ਅਤੇ ਸਿੱਟੇ ਵਜੋਂ ਸਿੱਖ ਰਾਜਨੀਤੀ ਪੰਜਾਬ ਦੇ ਕੂਚੇ ਵਿਚੋਂ ਨਿਕਲ ਕੇ ਸਰਬ ਭਾਰਤ ਪੱਧਰ ਤੇ ਆਪਣਾ ਤਾਲਮੇਲ ਕਾਇਮ ਕਰੇਗੀ। ਇਹ ਗੱਲ ਸਿੱਖਾਂ ਲਈ ਅਤੇ ਦੇਸ਼ ਲਈ ਸ਼ੁਭ ਹੋਵੇਗੀ।

# ਪ੍ਰਾਵਦਾ ਅਖਬਾਰ ਦੀ 25 ਹਜ਼ਾਰਵੀਂ ਜਿਲਦ ਛਪੀ

ਮਾਸਕੋ — ਸੰਸਾਰ ਕਮਿਊਨਿਸਟ ਲਹਿਰ ਦੇ ਮਹਾਨ ਆਗੂ ਕਾਮਰੇਡ ਲੈਨਿਨ ਵਲੋਂ, ਸੋਵੀਅਤ ਕਮਿਊਨਿਸਟ ਪਾਰਟੀ ਲਈ ਸਥਾਪਿਤ ਕੀਤਾ ਗਿਆ ਅਖਬਾਰ ਪ੍ਰਾਵਦਾ ਦੀ 25 ਹਜ਼ਾਰਵੀਂ ਪ੍ਰਤੀ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪ੍ਰਤੀ ਵਿਚ ਪ੍ਰਾਵਦਾ ਦੇ ਪ੍ਰਕਾਸ਼ਨ ਦੀ ਪਹਿਲੀ ਪ੍ਰਤੀ ਦੇ ਅਗਲੇ ਸਫੇ ਦਾ ਫੋਟੋ ਵੀ ਇਸ ਅੰਕ ਵਿਚ ਛਾਪਿਆ ਗਿਆ। ਇਸ ਅਖਬਾਰ ਦਾ ਪ੍ਰਕਾਸ਼ਨ ਆਰੰਭ ਪੀਟਰਬਰਗ ਵਿਚ ਕੀਤਾ ਗਿਆ ਸੀ ਜਿਹੜਾ ਉਸ ਸਮੇਂ ਇਨਕਲਾਬੀਆਂ ਦੀਆਂ ਸਰਗਰਮੀਆਂ ਦਾ ਕੇਂਦਰ ਸੀ।

ਸੋਵੀਅਤ ਕਮਿਊਨਿਸਟ ਪਾਰਟੀ ਦੇ ਬੁਲਾਰੇ ਪ੍ਰਾਵਦਾ ਅਖਬਾਰ ਦਾ ਆਰੰਭ 1912 ਵਿਚ 5 ਮਈ ਵਾਲੇ ਦਿਨ ਕੀਤਾ ਗਿਆ ਸੀ। ਪ੍ਰਾਵਦਾ ਅਖਬਾਰ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਸੋਵੀਅਤ ਕੌਮ ਦੇ ਭਵਿਖ ਦੀ ਉਸਾਰੀ ਲਈ ਕੀਤੀਆਂ ਗਈਆਂ ਤਾਰੀਖੀ ਸਰਗਰਮੀਆਂ ਦਾ ਹੁਣ ਤੱਕ ਇਕ ਰੀੜ੍ਹ ਦੀ ਹੱਡੀ ਜਿਹਾ ਰੋਲ ਨਿਭਾਉਂਦਾ ਚਲਿਆ ਆ ਰਿਹਾ ਹੈ। ਇਸ ਅਖਬਾਰ ਦੇ ਸਫਿਆਂ ਤੇ ਕਾਮਰੇਡ ਲੈਨਿਨ ਤੋਂ ਲੈ ਕੇ ਹੁਣ ਤਕ ਦੇ ਹੋਏ ਸਮੁੱਚੇ ਆਗੂਆਂ ਦੇ ਬਿਆਨ ਤੇ ਵਿਚਾਰ, ਲੇਖ ਆਦਿ ਸਾਂਭੇ ਪਏ ਹਨ। ਸੋਵੀਅਤ ਕੌਮ ਨੂੰ ਜਾਰਸ਼ਾਹੀ ਦਾ ਜੂਲਾ ਵਗਾਹ ਮਾਰਨ ਦੇ ਸੱਦੇ ਤੋਂ ਲੈ ਕੇ ਹੁਣ ਗੋਰਬਾਚੋਵ ਦੇ ਸੰਸਾਰ ਅਮਨ ਲਈ ਪਹਿਲ ਕਦਮੀਆਂ ਦੀਆਂ ਵੱਡੀਆਂ ਤੇ ਸ਼ਾਨਦਾਰ ਪਲਾਂਘਾ ਦੇ ਸੱਦੇ ਵੀ ਇਸ ਅਖਬਾਰ ਦੀ ਹਿੱਕ ਦੇ ਤਮਗੇ ਹਨ ਜਿਸ ਵਲ ਸੰਸਾਰ ਭਰ ਦੇ ਅਮਨ, ਖੁਸ਼ਹਾਲੀ ਤੇ ਜਮਹੂਰੀਅਤ ਪਸੰਦ ਲੋਕ ਵੱਡੀਆਂ ਤਾਂਘਾਂ ਤੇ ਆਸਾਂ ਨਾਲ ਤੱਕ ਰਹੇ ਸਨ।

25 ਹਜ਼ਾਰਵੇਂ ਪ੍ਰਕਾਸ਼ਨ ਦੇ ਪਹਿਲੇ ਸਫੇ ਤੇ ਦਿਤੇ ਗਏ ਪਲੇਠੇ ਪਰਚੇ ਦੇ ਪਹਿਲੇ ਸਫੇ ਦੇ ਫੋਟੋ ਵਿਚ ਬਾਕੀ ਗੱਲਾਂ ਨਾਲ ਉਹ ਜੂਲੀਅਨ ਕੈਲੰਡਰ ਦੀਆਂ '22 ਅਪ੍ਰੈਲ 1912' ਦੀਆਂ ਤਰੀਕਾਂ ਵੀ ਸ਼ਾਮਲ ਹਨ ਜਿਹੜਾ ਕਿ ਹੁਣ ਅਮਲ ਵਿਚ ਨਹੀਂ ਹੈ। ਨਵੇਂ ਕੈਲੰਡਰ ਮੁਤਾਬਕ ਇਹ ਤਰੀਕ 5 ਮਈ 1912 ਬਣਦੀ ਹੈ।

# ਭਾਰਤੀ ਫਿਲਮਾਂ 'ਚ ਔਰਤਾਂ ਦੀ ਪੇਸ਼ਕਾਰੀ ਤੋਂ ਦੀਪਤੀ ਨਿਰਾਸ਼

ਨਵੀਂ ਦਿੱਲੀ — ਭਾਰਤੀ ਫਿਲਮ ਅਭਿਨੇਤਰੀ ਦੀਪਤੀ ਨਵਲ ਨੇ, ਜੋ ਸਿਆਸੀ, ਡਾਕੂਮੈਂਟਰੀ ਤੇ ਜੰਗ ਸਬੰਧੀ ਫਿਲਮਾਂ ਨੂੰ ਪਸੰਦ ਕਰਦੀ ਹੈ, ਭਾਰਤੀ ਫਿਲਮੀ ਨਿਰਾਸਤਾ ਦਾ ਪ੍ਰਗਟਾਵਾ ਕਰਦਿਆਂ ਆਖਿਆ ਹੈ ਕਿ ਭਾਰਤੀ ਫਿਲਮਾਂ ਭਖਦੇ ਮਸਲਿਆਂ ਵਾਰੇ ਕੁਝ ਨਹੀਂ ਕਹਿੰਦੀਆਂ। ਦਿੱਲੀ ਵਿਖੇ ਫਿਲਮੀ ਮੇਲੇ ਵਿਚ ਭਾਗ ਲੈਣ ਤੇ ਦੀਪਤੀ ਨੇ ਆਖਿਆ ਕਿ ਮੈਂ ਸਮਾਜਿਕ ਹਿਤਾਂ ਨਾਲ ਸਬੰਧ ਰੱਖਦੀਆਂ ਫਿਲਮਾਂ ਵਿਚ ਜ਼ਰੂਰੀ ਓਣਸ ਰਖਦੀ ਹਾਂ ਪਰ ਮੇਰਾ ਕੋਈ ਸਿਆਸੀ ਅਕੀਦਾ ਨਹੀਂ ਹੈ। ਉਸ ਨੇ ਇਹ ਵੀ ਆਖਿਆ ਕਿ ਮੇਰਾ ਇਹ ਅਕੀਦਾ ਜ਼ਰੂਰ ਹੈ ਕਿ ਫਿਲਮਾਂ ਵਿਚ ਔਰਤ ਨੂੰ ਈਮਾਨਦਾਰੀ ਨਾਲ ਪੇਸ਼ ਕੀਤਾ ਜਾਵੇ। ਉਹਨਾਂ ਇਹ ਪ੍ਰਭਾਵ ਦਿਤਾ ਕਿ ਭਾਰਤੀ ਫਿਲਮਾਂ ਵਿਚ ਔਰਤ ਦੀ ਪੇਸ਼ਕਾਰੀ ਪੂਰੀ ਇਮਾਨਦਾਰੀ ਨਾਲ ਨਹੀਂ ਕੀਤੀ ਜਾਂਦੀ।

★ਕਦਰ ਅਜਿਹੀ ਖੂਬੀ ਹੈ, ਜਿਹੜੀ ਜਿਸ ਵਸਤੂ ਵਿਚ ਵੀ ਹੋਵੇ, ਉਸ ਨੂੰ ਕੀਮਤੀ ਬਣਾ ਦਿੰਦੀ ਹੈ।



Kuldip S. Jhand

WHEATON
PONTIAC BUICK GMC LTD.
ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ
ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ
ਕੁਲਦੀਪ ਸਿੰਘ ਝੰਡ ਨੂੰ ਮਿਲੋ ਜਾਂ ਫੋਨ ਕਰੋ
Bus. 526-2781
Res. 524-4137
Pager 687-7711 #7610
SUPER BUYS
325 - 12th St., New Westminster, B.C.



I CAN HELP

I'm an Investors professional financial planner. It's my job to help you create and follow a personal financial plan.
I can help with :
- Investment Funds
- Guaranteed Investment Certificates
- Registeres Retirement Savings Plans
- Estate Planning
- Life and Disability Insurance
- Annuities



ਮੈਂ ਤੁਹਾਡੀ ਮੱਦਦ ਕਰ ਸਕਦਾ ਹਾਂ

ਮੈਂ ਇਨਵੈਸਟਰਜ਼ ਦਾ ਪ੍ਰੋਫੈਸ਼ਨਲ ਫਾਈਨੈਂਨਸ਼ਲ ਪਲੈਨਰ ਹਾਂ। ਮੇਰਾ ਕੰਮ ਤੁਹਾਡੇ ਜ਼ਾਤੀ ਫਾਈਨੈਂਨਸ਼ਲ ਪਲੈਨ ਵਿਚ ਮੱਦਦ ਕਰਨਾ ਹੈ। ਮੈਂ ਤੁਹਾਨੂੰ ਇਨ੍ਹਾਂ ਬਾਰੇ ਸਲਾਹ ਦੇ ਸਕਦਾ ਹਾਂ!
- ਇਨਵੈਸਟਮੈਂਟ ਫੰਡਜ਼
- ਗਰੰਟੀਡ ਇਨਵੈਸਟਮੈਂਟ ਸਰਟੀਫੀਕੇਟ
- ਰਜਿਸਟਰਡ ਰੀਟਾਇਰਮੈਂਟ ਸੇਵਿੰਗਜ਼ ਪਲੈਨ
- ਇਸਟੇਟ ਪਲੈਨਿੰਗ
- ਜੀਵਨ ਬੀਮਾ ਤੇ ਦੁਰਘਟਨਾ ਬੀਮਾ
- ਐਨੀਉਟੀਜ਼

Hardial Sidhu (Dale)
Tel: Bus. 682-5431

Investors SYNDICATE LIMITED
MAIN FL., 789 WEST PENDER STREET / VANCOUVER, B.C. V6C 1H2 TELEPHONE BUS. 682-5431

ਹਰਦਿਆਲ ਸਿੱਧੂ (ਡੇਲ)
Res: 591-2697



ਆਪਣੇ ਵਪਾਰ ਵਿਚ ਵਾਧਾ ਕਰਨ ਲਈ ਇਕੋ ਇੱਕ ਨਾਂ ਯਾਦ ਰੱਖੋ

'ਕੈਨੇਡਾ ਦਰਪਣ' ਫੋਨ (604) 581-4473

# ਅੱਖੀਂ ਦੇਖਿਆ ਕੈਨੇਡਾ

ਰਾਮ ਸਿੰਘ ਢਿੱਲੋਂ ਸਰੀ. (ਗੋਰਾਇਆਂ)



ਰੱਬ ਨਾਲੋਂ ਵੀ ਪਹਿਲਾਂ ਰੋਟੀ ਹੈ,ਕਿਉਂਕਿ ਜੋ ਪੇਟ ਨਾਂ ਪਈਆਂ ਰੋਟੀਆਂ ਤਾਂ ਸਭੇ ਗੱਲਾਂ ਖੋਟੀਆਂ,ਜਾਂ,"ਔਹ ਲੈ ਫੜ ਮਾਲਾ ਆਪਣੀ ਸਾਥੋਂ ਭੁੱਖਿਆਂ ਤੋਂ ਭਗਤੀ ਨਾ ਹੋਵੇ"ਤੇ ਧੰਨੇ ਭਗਤ ਨੇ ਵੀ ਤਾਂ,"ਇਕੋ ਮੰਗ ਮੰਗਾਂ ਰੱਬ ਸੁਚੱੜੇ ਤੋਂ,ਮੇਰੀ ਨੌਂਹ ਚੁਬਾਰੇ ਵਿਚ ਦੁੱਧ ਰਿੜਕੇ"ਏਸ ਇਕੋ ਮੰਗ ਵਿਚ ਕਬੀਲਦਾਰੀ ਦੀਆਂ ਸਾਰੀਆਂ ਲੋੜਾਂ ਆ ਜਾਂਦੀਆਂ ਹਨ। ਅਸੀਂ ਵੀ ਤੇ ਆਪਣੀ ਜਨਮ-ਭੂਮੀ ਤੋਂ,ਅਨੇਕ ਪਿਆਰਿਆਂ ਦਾ ਮੋਹ ਤਿਆਗ,7 ਸਮੁੰਦਰਾਂ ਤੋਂ ਪਾਰ ਹਜ਼ਾਰਾਂ ਮੀਲਾਂ ਦੀ ਦੂਰੀ ਤੇ,ਰੋਟੀ ਦੀ ਭਾਲ ਵਿਚ ਹੀ ਉਪੜੇ ਹਾਂ॥ ਅਸੀਂ ਸਾਰੇ ਹਾਣ-ਲਾਭਾਂ ਦਾ ਪੋਤਾ-ਮੇਲ ਤਿਆਰ ਕਰ,ਐਸ ਸੋਹਣੇ ਦੇਸ਼ ਨੂੰ ਅਪਨਾਉਣ ਦਾ ਭਾਵ ਆਪਣਾ ਬਣਾਉਣ ਦਾ ਅਟੱਲ ਫੈਸਲਾ ਕੀਤਾ ਹੈ। ਜਦ ਅਸੀਂ ਈਮਾਨਦਾਰੀ ਨਾਲ ਕੰਮ ਕਰਦੇ ਆਪਣਾ ਇਵਜ਼ਾਨਾਂ ਤੇ ਹੱਕਾਂ-ਹਕੂਕਾਂ ਲਈ ਲੜਦੇ-ਜੁਝਦੇ ਹਾਂ,ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਏਸ ਆਪਣੇ ਦੇਸ਼ ਬਾਰੇ ਵਧ ਤੋਂ ਵਧ ਜਾਣਕਾਰੀ ਪ੍ਰਾਪਤ ਕਰੀਏ। ਕਈ ਇੰਡੀਆ ਬੈਠੇ ਮਿੱਤਰ ਵੀ ਕੈਨੇਡਾ ਬਾਰੇ ਜਾਨਣ ਦੇ ਇੱਛਕ ਹਨ,ਸੋ:—

ਏਸ ਦੇਸ਼ ਦਾ ਖੇਤਰਫਲ ਭਾਵ ਰਕਬਾ ਸਾਰੀ ਦੁਨੀਆਂ ਦੇ ਦੇਸ਼ਾਂ ਨਾਲੋਂ ਨੰ:2 ਤੇ ਵੱਡਾ ਹੈ (ਪਹਿਲੇ ਨੰ: ਤੇ ਰੂਸ ਹੈ। ਇਹਦੇ ਇਕ ਪਾਸੇ ਐਟਲਾਂਟਿਕ (ਅੰਧ ਮਹਾਂ ਸਾਗਰ) ਤੇ ਦੂਜੇ ਭਾਵ ਲਹਿੰਦੇ ਬੰਨੇ ਪੈਸੇਫਿਕ (ਸ਼ਾਂਤ-ਸਾਗਰ ਤੇ ਨਾਰਥ ਭਾਵ ਉਤਰ ਵਲ ਅਰੈਕਟਿਕ (ਜੰਮਿਆ ਓਸ਼ਨ) ਤੇ ਅੱਗੋਂ ਰੂਸ ਲਗਦਾ ਹੈ ਅਤੇ ਇਹਦੇ ਦੱਖਣ ਵੱਲ ਭਾਵ ਇਹਦੀ ਸਾਰੀ 3ਹਜ਼ਾਰ ਮੀਲ ਤੋਂ ਵੀ ਲੰਮੀ ਹੱਦ ਨਾਰਥ ਅਮਰੀਕਾ (ਯੂ.ਐਸ.ਏ) ਨਾਲ ਲਗਦੀ ਹੈ,ਇਹ ਹਜ਼ਾਰ ਕੁ ਮੀਲ ਚੌੜਾ ਹੈ ਤੇ ਇਸਦਾ ਕੁਲ ਰਕਬਾ 3,851,809 (38 ਲੱਖ 51,809 ਮੁਰੱਬਾ ਮੀਲ) ਹੈ ਤੇ ਇਸਦੀ ਆਬਾਦੀ ਮਸਾਂ 26 ਮਿਲੀਅਨ (1986) ਹੈ ਭਾਵ ਇਹਦੇ ਹਰ ਸ਼ਹਿਰੀ ਦੇ ਹਿੱਸੇ ਤਕਰੀਬਨ ਡੇਢ ਮੀਲ ਧਰਤੀ ਆਉਂਦੀ ਹੈ। ਏਧਰ ਵਿਕਟੋਰੀਆ ਤੇ ਉਧਰ ਹੈਲੀਫੈਕਸ ਦੋਵਾਂ ਸਿਰਿਆਂ ਦੇ ਸ਼ਹਿਰਾਂ ਦਾ ਫਾਸਲਾ 3 ਹਜ਼ਾਰ ਮੀਲ ਤੋਂ ਵੱਧ ਹੈ। ਇਹ ਦੇਸ਼ 10 ਪ੍ਰਾਂਤ ਅਤੇ 2 ਟੈਰੀਟੋਰੀਜ਼ ਵਿਚ ਵੰਡਿਆ ਹੋਇਆ ਹੈ।

ਕੈਨੇਡਾ ਦੇ ਅਸਲ ਵਸਨੀਕ ਰੈਡ—ਇੰਡੀਅਨ ਤੇ ਐਸਕੀਮੋ (ਇਨਊਟ) ਹਨ। 20 ਕੁ ਹਜ਼ਾਰ ਸਾਲ ਹੋਏ ਇਹ ਲੋਕ ਏਸ਼ੀਆ ਤੋਂ ਆ ਕੇ ਵਸੇ ਦੱਸਦੇ ਹਨ ਤੇ ਇਨ੍ਹਾਂ ਦਾ ਖੂਨ ਤਿੱਬਤ ਦੇ ਲੋਕਾਂ ਨਾਲ ਮਿਲਦਾ ਹੈ ਤੇ ਇਨ੍ਹਾਂ ਦੀ ਆਬਾਦੀ ਮਸਾਂ ਆਟੇ 'ਚ ਲੂਣ ਬਰਾਬਰ ਹੈ,ਭਾਵ ਬਹੁਤ ਥੋੜ੍ਹੀ। ਇਨ੍ਹਾਂ ਅਸਲ ਦੇਸ਼-ਮਾਲਿਕਾਂ ਦਾ ਇਕ ਪਿਤਾ-ਪੁਰਖੀ ਬ੍ਰਹਮ-ਗਿਆਨੀ ਵਿਸ਼ਵਾਸ ਬੜਾ ਹੀ ਸਰਾਹੁਣਯੋਗ ਹੈ ਕਿ,"ਏਸ ਧਰਤੀ ਦਾ ਮਾਲਿਕ ਕੋਈ ਨਹੀਂ। ਅਸੀਂ ਏਥੇ ਸਾਰੇ ਇਕੋ ਜਿਹੇ ਪ੍ਰਾਹੁਣੇ ਹਾਂ। ਸਾਨੂੰ ਏਸ ਖੂਬਸੂਰਤ ਧਰਤੀ ਦੇ ਸਾਊ ਤੇ ਮਾਣਨੀਕ ਪ੍ਰਾਹੁਣੇ ਬਣਨਾ ਚਾਹੀਦਾ ਹੈ। ਸਾਨੂੰ ਹਰ ਪ੍ਰਾਹੁਣੇ ਦਾ ਇੱਜ਼ਤ-ਮਾਣ ਕਰਨਾ ਚਾਹੀਦਾ ਹੈ,ਭਾਵੇਂ ਓਹਦੇ ਬਜ਼ੁਰਗ ਏਥੇ ਜੁਗਾਂ-ਜੁਗਾਤਰਾਂ ਤੋਂ ਰਹਿ ਰਹੇ ਹਨ,ਭਾਵੇਂ ਉਹ ਹੁਣੇ ਹਾਲੇ ਆਏ ਹਨ ਜਾਂ ਭਾਵੇਂ ਉਨ੍ਹਾਂ ਹਾਲੇ ਆਉਣਾ ਹੈ"।

ਅਜੋਕੇ ਕੈਨੇਡਾ ਵਿਚ ਦੁਨੀਆਂ ਦੇ ਹਰ ਦੇਸ਼ ਦੇ ਲੋਕ ਜਿਵੇਂ ਕਿ,ਇੰਗਲੈਂਡ,ਫਰਾਂਸ,ਜਰਮਨ,ਯੋਗੋਸਲਾਵੀਆ,ਇਟਲੀ, ਨਾਰਵੇ,ਸਵੀਡਨ,ਅਰਬ ਦੇਸ਼,ਅਫਰੀਕਨ ਦੇਸ਼,ਈਰਾਨ,ਈਰਾਕ, ਭਾਰਤ,ਪਾਕਿਸਤਾਨ,ਬੰਗਲਾ ਦੇਸ਼,ਫਿਲਪਾਈਨ,ਚੀਨ,ਜਾਪਾਨ, ਕੋਰੀਆ,ਥਾਈਲੈਂਡ,ਆਦਿ ਤੋਂ ਆ ਕੇ ਅਸੀਂ ਸਾਰੇ ਆਵਾਸੀ (ਇਮੀਗਰੈਂਟ) ਹੀ ਵਸੇ ਹੋਏ ਹਾਂ ਤੇ ਹਰ ਸ਼ਹਿਰੀ ਦੇ ਹੱਕ ਇਕੋ ਜਿਹੇ ਹਨ। ਹੋਰ ਵੀ ਧੜਾ-ਧੜ ਇਨ੍ਹਾਂ ਉਪਰੋਕਤ ਦੇਸ਼ਾਂ ਤੋਂ ਕਿਸੇ ਨਾ ਕਿਸੇ ਕਿਸੇ ਬਹਾਨੇ ਲੋਕ ਆ ਹੀ ਰਹੇ ਹਨ।

ਦਰਅਸਲ ਦੇਸ਼ ਦਾ ਰਹਿਣ—ਬਹਿਣ ਮਿਆਰ ਸਾਰੀ ਦੁਨੀਆਂ ਦੇ ਦੇਸ਼ਾਂ ਨਾਲੋਂ ਉੱਚਾ ਹੈਤੇ ਮੈਡੀਕਲ-ਸਾਧਨ ਦੁਨੀਆਂ ਦੇ ਚੋਟੀ ਦੇ ਹਰ ਸ਼ਹਿਰੀ ਨੂੰ ਪ੍ਰਾਪਤ ਹਨ ਅਤੇ ਏਹ ਪੱਖ ਗਵਾਂਢੀ ਅਮਰੀਕਾ ਨਾਲੋਂ ਵੀ ਵਧੀਆ ਤੇ ਸਸਤਾ ਹੈ। ਬੇਸ਼ੱਕ ਅੱਜ ਕੱਲ੍ਹ ਕੰਮਾਂ-ਕਾਰਾਂ ਦੀ ਹਾਲਤ ਬਹੁਤੀ ਚੰਗੀ ਨਹੀਂ ਫੇਰ ਵੀ ਬਾਕੀ ਦੁਨੀਆਂ ਦੇ ਮੁਕਾਬਲੇ ਬਹੁਤ ਸੁੱਖ-ਲਾਭ ਪ੍ਰਾਪਤ ਹਨ। ਬੱਚੇ,ਬੁੱਢੇ ਤੇ ਅਮਨ-ਪਸੰਦ ਕਾਮੇ ਲਈ ਤਾਂ ਇਹ ਬਹਿਸ਼ਤ ਹੈ ਕੈਨੇਡਾ ਤੇ ਗਵਾਂਢੀ ਅਮਰੀਕਾ ਵਿਚਕਾਰ ਆਵਾਜਾਈ ਬੜੀ ਖੁੱਲ੍ਹੀ ਤੇ ਸਾਧਾਰਨ ਹੈ। ਕਿਉਂ ਜੋ ਆਪਸੀ ਤਅੱਲਕਾਤ ਬੜੇ ਸੁਖਾਂਵੇ ਹਨ। ਬੱਸਾਂ,ਕਾਰਾਂ,ਟਰੱਕ,ਪਲੇਨ ਆਵਾ-ਜਾਈ ਦਾ ਤੰਤਾ ਬੱਝਾ ਰਹਿੰਦਾ ਹੈ,ਜਦ ਚਿਤ ਕਰਦਾ ਲੋਕੀ ਉਠਕੇ ਸੈਰ ਵਾਂਗ ਤੁਰ ਪੈਂਦੇ ਹਨ। ਕਸਟਮ ਵਾਲੇ ਵੀ ਜੇ ਸੱਚ ਬੋਲ ਸਭ ਕੁਝ ਡੀਕਲੇਅਰ ਕਰ ਦਿਉ ਤਾਂ ਕੋਈ ਅੜਚਨ ਨਹੀਂ ਪੈਂਦੀ-ਬਾਰਡਰਾਂ ਤੇ (ਚੁੰਗੀ-ਪੋਸਟਾਂ) ਤੇ ਡਿਊਟੀ-ਫਰੀ ਸ਼ਾਪਾਂ ਹਨ ਜਿਥੇ ਸ਼ਰਾਬ ਆਦਿ ਹਰ ਚੀਜ਼ ਅਟੇ ਸਟੇ ਅੱਧੇ ਮੁੱਲ ਮਿਲ ਜਾਂਦੀ ਹੈ,ਏਥੋਂ ਤਕ ਕਿ ਪੈਟਰੋਲ ਸਸਤਾ ਹੋਣ ਤੇ ਲੋਕੀ ਐਧਰੋਂ-ਔਧਰੋਂ ਕਾਰਾਂ ਦੇ ਟੈਂਕ ਭਰਵਾ ਲਿਆਉਂਦੇ ਹਨ ਤੇ ਏਸੇ ਤਰ੍ਹਾਂ ਕਈ ਵਾਰ ਆਂਡੇ-ਦੁੱਧ ਤੇ ਹੋਰ ਗਰੋਸਰੀ ਵਗੈਰਾ।

ਕੈਨੇਡਾ ਦੇ ਹਰ 5 ਸਾਲਾ ਬੱਚੇ ਤੋਂ ਪਹਿਲਾਂ ਕਿੰਡਰ-ਗਾਰਟਨ ਤੇ ਫੇਰ ਸਕੂਲ ਜਾਣਾ ਜ਼ਰੂਰੀ ਹੈ ਤੇ 16 ਸਾਲ ਦੀ ਉਮਰ ਤਕ। ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ,ਭਾਵ ਤੀਖਨ-ਬੁੱਧ ਬੱਚਿਆਂ ਨੂੰ ਉਨ੍ਹਾਂ ਦੇ ਟੀਚਰਾਂ ਵਲੋਂ ਬੜੀ ਹੱਲਾਸ਼ੇਰੀ ਮਿਲਦੀ ਹੈ ਪਰ ਮਸਾਂ 7 ਪ੍ਰਤੀਸ਼ਤ ਬੱਚੇ ਹੀ ਅਗਾਂਹ ਯੂਨੀਵਰਸਿਟੀਉਪੜਦੇ ਹਨ। ਏਥੇ 12 ਜਮਾਤ (ਗਰੇਡ) ਨੂੰ ਯੂਨੀਵਰਸਿਟੀ ਆਖਦੇ ਹਨ ਤੇ 12 ਗਰੇਡ ਕਰਕੇ ਬੱਚੇ ਲਈ ਹਰ ਟਰੇਡ (ਕਿੱਤਾ) ਖੁੱਲ੍ਹੀ ਹੈ,ਬੇਸ਼ੁਮਾਰ ਸਰਕਾਰੀ ਤੇ ਪ੍ਰਾਈਵੇਟ ਟਰੇਡ-ਸੰਸਥਾਵਾਂ ਹਨ। ਜਿਥੇ ਪੜ੍ਹਕੇ ਬੱਚੇ ਆਪਣੀ ਲਾਈਫ ਬਹੁਤ ਵਧੀਆ ਗੁਜ਼ਾਰ ਸਕਦੇ ਹਨ ਤੇ

ਬਾਕੀ ਪੰਨਾ 28 'ਤੇ


# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework ■ UNI - BODY repairs
- All work conditionally guaranteed
- Free estimates ■ Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫ਼ੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖ਼ਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



Bhupinder(Bob) Sihota



For further information call:

Bhupinder(Bob) Sihota

Ph. 433-1207

Mint Auto Body Ltd.

5590 Lane Street, BURNABY, B.C. V5H 2H5



ਪੰਨਾ 31 ਦੀ ਬਾਕੀ

ਕਾਂਗਰਸ ਦੇ ਅੰਦਰ ਤੇ ਬਾਹਰ ਵੀ ਅੱਜ ਕਾਫੀ ਤਕੜੀ ਲੋਕਰਾਏ (1982-84 ਦੇ ਸਾਲਾਂ ਨਾਲੋਂ ਵੱਧ ਤਕੜੀ) ਪੰਜਾਬ ਮਸਲਾ ਸ਼ਾਂਤਮਈ ਢੰਗ ਨਾਲ ਹੱਲ ਕਰਨ ਦੇ ਹੱਕ ਵਿਚ ਹੈ। ਕਮਜ਼ੋਰੀ ਅਕਾਲੀਆਂ ਦੀ ਹੈ,ਜੋ ਲਿਖਤੀ ਸਮਝੌਤਾ ਵੀ ਲਾਗੂ ਨਾ ਹੁੰਦਾ ਵੇਖ ਕੇ ਸਰਕਾਰ ਨਾਲ ਇਸ ਹੱਦ ਤਕ ਚਿੰਬੜੇ ਰਹੇ ਕਿ ਰਾਜਨੀਤਕ ਡਰਾਵੇ ਦੇ ਰਾਹ ਤੋਂ ਵੀ ਪਰ੍ਹਾਂ ਹਟ ਗਏ ਇਹ ਗਲਤੀ ਬਰਨਾਲਾ ਦਲ ਨੇ ਹੀ ਨਹੀਂ ਕੀਤੀ,ਬਾਦਲ ਅਕਾਲੀ ਦਲ ਨੇ,ਵੀ ਕੀਤੀ। ਬਾਦਲ ਅਕਾਲੀ ਦਲ 1986 ਦਾ ਸਾਰਾ ਵਰ੍ਹਾ ਸਿਰਫ ਮੁੱਖ ਮੰਤਰੀ ਸ.ਸੁਰਜੀਤ ਸਿੰਘ ਬਰਨਾਲਾ ਦੇ ਖਿਲਾਫ ਹੀ ਗੁਬਾਰ ਕੱਢਦਾ ਰਿਹਾ,ਕੇਂਦਰ ਵਿਰੁੱਧ ਅੰਦੋਲਨ ਸ਼ੁਰੂ ਕਰਨ ਦਾ ਉਹ ਡਰਾਵਾ ਨਹੀਂ ਦਿੱਤਾ ਜੋ ਹੁਣ ਦਿਤਾ ਹੈ।

ਅਕਾਲੀਆਂ ਨੂੰ ਪੱਛਮੀ ਬੰਗਾਲ ਦੀ ਮਾਰਕਸੀ ਸਰਕਾਰ ਤੋਂ ਸਬਕ ਸਿੱਖਣਾ ਚਾਹੀਦਾ ਹੈ। ਮਾਰਕਸੀ ਕਮਿਊਨਿਸਟ ਪਾਰਟੀ ਸੱਤਾ ਵਿਚ ਬਣੀ ਹੋਈ ਵੀ ਰਾਜਨੀਤਕ ਫਰੰਟ ਉਤੇ ਲੜਨਾ ਜਾਰੀ ਰੱਖਦੀ ਹੈ। ਅਜੇ ਪਿਛੇ ਜਿਹੇ ਹੀ ਪੱਛਮੀ ਬੰਗਾਲ ਵਿਚ ਮਾਰਕਸੀ ਪਾਰਟੀ ਨੇ 'ਬੰਦ' ਕਰਵਾਇਆ

ਸ੍ਰੀ ਰਾਜੀਵ ਗਾਂਧੀ ਹਰਿਆਣੇ ਦੀਆਂ ਚੋਣਾਂ ਲੰਘਾਉਣਾ ਚਾਹੁੰਣਗੇ ਪਰ ਅਕਾਲੀਆਂ ਪਾਸ ਸਮਾਂ ਨਹੀਂ। ਹਰਿਆਣੇ ਵਿਚ ਕਾਂਗਰਸ ਜਿੱਤੇ ਜਾਂ ਵਿਰੋਧੀ ਪਾਰਟੀ,ਹਰ ਸਰਕਾਰ ਨੇ ਪੰਜਾਬ ਸਮਝੌਤਾ ਠੀਕ ਠੀਕ ਲਾਗੂ ਕੀਤੇ ਜਾਣ ਦਾ ਵਿਰੋਧ ਕਰਨਾ ਹੈ।

ਪੰਜਾਬ ਸਮਝੌਤਾ ਲਾਗੂ ਕਰਾਉਣ ਨਾਲੋਂ ਵੀ ਵੱਡੀ ਗੱਲ ਪੰਜਾਬ ਵਿਚ ਇਹ ਪ੍ਰਭਾਵ ਉਭਾਰਨ ਦੀ ਲੋੜ ਹੈ ਕਿ ਪੰਜਾਬ ਅਤੇ ਸਿੱਖਾਂ ਲਈ ਕੋਈ ਲੜ ਰਿਹਾ ਹੈ।

### ਬੇਇਨਸਾਫੀ

ਇਸ ਤੋਂ ਬਿਨਾਂ ਪੰਜਾਬ ਦੀ ਹਿੰਸਾ ਵਲੋਂ ਅਤੇ ਹਿੰਸਾਵਾਦੀਆਂ ਵਲੋਂ ਧਿਆਨ ਨਹੀਂ ਹਟਣਾ। ਹਿੰਸਾ ਵਲੋਂ ਧਿਆਨ ਹਟਣਾ ਜ਼ਰੂਰੀ ਹੈ। ਹਿੰਸਾ ਵਲੋਂ ਧਿਆਨ ਹਟਾ ਕੇ ਇਸ ਗੱਲ ਵੱਲ ਸਾਰੇ ਦੇਸ਼ ਦਾ ਧਿਆਨ ਮੋੜਨ ਦੀ ਲੋੜ ਹੈ ਕਿ ਸਿੱਖਾਂ ਨਾਲ ਅਤੇ ਪੰਜਾਬ ਨਾਲ ਬੇਇਨਸਾਫੀ ਹੋਈ ਹੈ ਤੇ ਇਹ ਬੇਇਨਸਾਫੀ ਦੂਰ ਕਰਨੀ ਜ਼ਰੂਰੀ ਹੈ। ਜਦੋਂ ਧਿਆਨ ਹਿੰਸਾ ਅਤੇ ਹਿੰਸਾਵਾਦੀਆਂ ਵਲੋਂ ਹਟੇਗਾ,ਬੇਇਨਸਾਫੀ ਵੱਲ ਮੁੜੇਗਾ ਤਾਂ ਬੇਇਨਸਾਫੀ ਦੂਰ ਕਰਨ ਕਰਾਉਣ ਲਈ ਯਤਨ ਸ਼ੁਰੂ ਹੋਣਗੇ ਤੇ ਹਿੰਸਾਵਾਦੀਆਂ ਲਈ ਹਮਦਰਦੀ ਘਟੇਗੀ ਅਤੇ ਹਿੰਸਾ ਰੋਕਣ ਦਾ ਕਾਰਗਰ ਤਰੀ[illegible] ਇਹ ਹੀ ਹੈ।

ਨਜ਼ਮ

## ਬੰਦਨਾ

### ਸੁਖਵਿੰਦਰ ਕੰਬੋਜ਼

ਗੁਰੂ ਇਹ ਸਿੰਘ ਕੈਸੇ ਹਨ
ਜਦੋਂ ਹਥਿਆਰ ਹੁੰਦੇ ਹਨ ਤਾਂ ਮਹਿਤਾਬ ਸਿੰਘ
ਜਦੋਂ ਸੀਖਾਂ ਪਿਛੇ ਤਾਂ ਗੰਗੂ ਬਾਣੀਆ
ਜਾਂ ਡਰਿਆ ਜਿਹਾ ਹਿੰਦੂ—੦
ਗੁਰੂ ਇਹ ਤੇਰੇ ਸਿੰਘ ਤਾਂ ਨਹੀਂ
ਜੋ ਸਰਸਾ ਨਦੀ ਦੇ ਪ੍ਰਛਾਵੇਂ ਤੋਂ ਹੀ ਡਰ ਜਾਂਦੇ ਹਨ
ਤੇ ਭਲਾ ਆਹ ਧੰਨਾ ਸਿੰਘ ਕੌਣ ਹੈ ?
ਲਗਦੇ ਇਹ ਸਿੰਘ ਨਹੀਂ
ਸਗੋਂ ਸ਼ੇਰ ਦੀ ਖੱਲ ਵਿਚ ਗਾਵਾਂ ਹਨ
ਜਿਨ੍ਹਾਂ ਨੂੰ ਹਥਿਆਰਾਂ ਦੇ ਸਿੰਗਾਂ ਨਾਲ ਲੜਾਉਣਾ
ਉਨ੍ਹਾਂ ਦੀ ਮੂਰਖਤਾ ਹੈ
ਉਨ੍ਹਾਂ ਲਈ ਬੰਦਾ ਬਹਾਦਰ ਤਾਂ ਚਲਦੀ ਦੰਦ ਕਥਾ ਹੈ
ਤੇ ਮਹਾਰਾਜਾ ਰਣਜੀਤ ਸਿੰਘ ਅਸਲ ਸਿੱਖ ਹੈ—੦
ਗੁਰੂ ਇਹ ਤੇਰੇ ਅਸਲੀ ਸਿੰਘ ਨਹੀਂ ਹਨ—੦
ਤੇਰੇ ਅਸਲੀ ਪੁੱਤਰਾਂ ਨੇ ਤਾਂ
ਬੰਦ ਸੀਖਾਂ ਪਿਛੇ ਬੇੜੀਆਂ ਦੇ ਸੰਗੀਤ ਵਿਚੋਂ ਵੀ
ਪੁਲੀਸ ਦੇ 56 ਚਲਾਨ ਸਹਿੰਦੇ ਹੋਏ
ਸਮੇਂ ਦਾ ਕਬਿੱਤ ਲਿਖਿਆ ਸੀ—
ਪੁਲੀਸ ਦੀਆਂ ਬਲਦੀਆਂ ਸਿਗਰਟਾਂ ਦੇ ਸਿਰੇ
ਕਦੇ ਵੀ ਤੋੜ ਨਾ ਸਕੇ—
ਉਨ੍ਹਾਂ ਦੇ ਹੌਂਸਲੇ ਦੀ ਮਜ਼ਬੂਤ ਕਾਠੀ
ਤੇ ਉਨ੍ਹਾਂ ਦੇ ਸੁਲਘਦੇ ਬੋਲਾਂ ਨੇ ਹੀ
ਤੇਰੇ ਭਾਰਤ ਦਾ ਸੂਹਾ ਭਵਿੱਖ ਲਿਖਣਾ ਹੈ
ਤੇਰੇ ਭਾਰਤ ਦਾ ਸੂਹਾ ਭਵਿੱਖ ਲਿਖਣਾ ਹੈ

.. ਜਥੇਦਾਰ ਜੀ, ਪੰਜਾਬ ਨੂੰ ਅੱਗ ਲੱਗੀ ਹੋਈ ਏ, ਕੁਝ ਕਰੋ।
— ਬੀਬੀ ਜੰਤਾ, ਸਾਨੂੰ ਵਿਹਲ ਨਹੀਂ, ਸਾਨੂੰ ਕੁਰਸੀ ਦੀ ਅੱਗ ਲੱਗੀ ਹੋਈ ਏ।
.. ਨੇਤਾ ਜੀ, ਕੁਛ ਕਰੋ, ਪੰਜਾਬ ਕੋ ਆਗ ਲਗੀ ਹੈ।
— ਕੋਈ ਬਾਤ ਨਹੀਂ ਬੀਬੀ ਜੰਤਾ, ਹਮ ਆਗ ਸਾਰੇ ਦੇਸ਼ ਕੋ ਲਗਾ ਦੇਂਗੇ।
.. ਸਿੰਘ ਜੀ, ਅੱਗ ਸਭ ਕੁਝ ਸਾੜ ਰਹੀ ਹੈ।
— (ਖੁਸ਼ ਹੋਕੇ) ਸਭ ਕੁਝ ਸਾੜ ਰਹੀ ਏ ਨਾਂ ? ਚੰਗਾ ਕਰ ਰਹੀ ਏ, ਹੁਣ ਲੰਮੀ ਦਾੜ੍ਹੀ ਵਾਲੇ ਨੂੰ ਕੁਰਸੀ ਛੱਡਣੀ ਹੀ ਪਏਗੀ।
.. ਸ੍ਰੀਮਾਨ ਜੀ, ਆਗ ਫੈਲ ਰਹੀ ਹੈ, ਕੁਛ ਕਰੋ।
— ਫੈਲ ਰਹੀ ਹੈ ਤੋ ਔਰ ਫੈਲਨੇ ਦੋ, ਅਭੀ ਇਸੇ ਬੁਝਾਨੇ ਕਾ ਸਮਾਂ ਨਹੀਂ ਆਇਆ।


# Sidhu Sweet & Snack Shop

9371- 120 St. Delta, B.C.

**Ph. 588-5512**

ਮਜ਼ੇਦਾਰ ਜਲੇਬੀਆਂ ਦਾ ਖਾਸ ਰੇਟ

ਸ਼ਹਿਰ ਵਿਚ ਸਭ ਤੋਂ ਵਧੀਆ ਮਠਿਆਈ ਦਾ ਭੰਡਾਰ

9371 — 120th ਸਟਰੀਟ, ਡੈਲਟਾ, ਬੀ. ਸੀ. Ph. 588-5512



## ਕੱਪੜੇ ਸਿਉਣ ਵਾਲੇ ਕਾਮਿਆਂ ਦੀ ਲੋੜ ਹੈ

ਜੇ ਤੁਸੀਂ ਤਜਰਬੇਕਾਰ ਕਟਾਈ, ਸਿਉਣ, ਮਸ਼ੀਨ ਅਪਰੇਟਰ, ਪਰੈਸ ਕਰਨ, ਫਲੋਰ ਹੈਲਪਰ, ਬੰਡਲ ਬੰਨਣ ਜਾਂ ਸ਼ਿਪਮੇਂਟ ਦੇ ਹਿੱਸੇ ਵਿਚ ਕੰਮ ਦੀ ਭਾਲ ਕਰਦੇ ਹੋ ਤਾਂ ਬਹੁਤ ਵਧੀਆ ਤਨਖਾਹ ਹੈ। ਆਪ ਜਾ ਕੇ ਮਿਲੋ :

ਸਮਾਂ : 10 ਵਜੇ ਸੁਬ੍ਹਾ ਤੋਂ 12 ਦੁਪਹਿਰ ਤੇ 4 ਤੋਂ 6 ਵਜੇ ਸ਼ਾਮ

ਸੋਮਵਾਰ ਤੋਂ ਸ਼ੁਕਰਵਾਰ ਤੱਕ

2 ਫਰਵਰੀ ਤੋਂ 13 ਫਰਵਰੀ ਤੱਕ ਅਪਲਾਈ ਕਰ ਸਕਦੇ ਹੋ

ਐਡਰੈਸ — #105 - 119 W. Pender Vancouver, B.C. V6B



# KAHLON IMPORT AUTO SERVICE
## I.C.B.C. CLAIMS ACCEPTED

11965-95th Ave. & Scott Road, Delta. Ph.:585-1242

## COMPLETE AUTOMOTIVE REPAIRS




Special
Free oil change with every TUNE-UP



MUBARAK KAHLON
ਮੁਬਾਰਕ ਕਾਹਲੋਂ

Japanese — British — European

Licensed Mechanic
* Engine Rebuilding
* Cylinder Heads
* Tune Ups * Brakes
* Carburators & Clutch overhalls
* Automatic Transmissions

Free Estimates — Low Prices — All work guaranteed
Come and see us, we are here

ਹਰ ਕਿਸਮ ਦਾ ਮਕੈਨੀਕਲ
ਕੰਮ ਤਸੱਲੀ ਬਖਸ਼ ਕੀਤਾ ਜਾਂਦਾ ਹੈ

## ਕਾਹਲੋਂ ਇੰਮਪੋਰਟ ਔਟੋ ਸਰਵਿਸ

**PH.:585-1242** D.






# ਡੁੱਬਦਾ ਸੂਰਜ—ਸੰਨੀ ਦਿਓਲ



ਸੰਨੀ ਦਾ ਮਤਲਬ ਹੈ ਕਿ ਸੂਰਜ ਵਾਂਗ ਚਮਕਣ ਵਾਲਾ। ਅਜਿਹਾ ਵਿਅਕਤੀ ਜਿਹੜਾ ਸੂਰਜ ਵਾਂਗ ਆਪਣੀ ਰੌਸ਼ਨੀ ਨਾਲ ਚਮਕਦਾ ਹੈ,ਚਮਕਣ ਲਈ ਉਸ ਨੂੰ ਉਧਾਰੀ ਰੌਸ਼ਨੀ ਦੀ ਲੋੜ ਨਹੀਂ ਹੁੰਦੀ। ਸੰਨੀ (ਸੁਨੀਲ ਗਾਵਸਕਰ) ਕ੍ਰਿਕਟ ਦੀ ਅਜਿਹੀ ਹੀ ਹਸਤੀ ਹੈ ਪਰ ਹਿੰਦੀ ਫਿਲਮਾਂ ਦਾ ਸੰਨੀ ਪਿਛਲੇ ਪੰਜ ਸਾਲਾਂ ਤੋਂ ਆਪਣੇ ਲਈ ਏਨੀ ਰੌਸ਼ਨੀ ਇਕੱਠੀ ਨਹੀਂ ਕਰ ਸਕਿਆ ਕਿ ਉਹ ਆਪਣੀ ਰੌਸ਼ਨੀ ਨਾਲ ਹੀ ਚਮਕ ਸਕੇ। ਕੈਰੀਅਰ ਦਾ ਇਕ ਇਕ ਪਲ ਉਸਨੇ ਬੈਸਾਖੀਆਂ ਦੇ ਸਹਾਰੇ ਬਿਤਾਇਆ ਹੈ। ਆਪਣੀ ਰੌਸ਼ਨੀ ਨਾਲ ਚਮਕਣ ਵਾਲਾ ਵਿਅਕਤੀ ਵੱਡੇ ਤੋਂ ਵੱਡੇ ਤੂਫਾਨ ਦਾ ਸਾਹਮਣਾ ਕਰ ਲੈਂਦਾ ਹੈ। ਪਰ ਸੰਨੀ ਦਿਓਲ ਦੀ ਚਮਕ ਤਾਂ ਹਰ ਤੂਫਾਨ ਨਾਲ ਬੁਝਦੀ ਨਜ਼ਰ ਆਉਂਦੀ ਹੈ।

ਸਟਾਰ ਪੁੱਤਰ ਤਾਂ ਬਹੁਤ ਆਏ ਹਨ ਪਰ ਸੰਨੀ ਦਿਓਲ,ਕੁਮਾਰ ਗੌਰਵ ਅਤੇ ਕੁਨਾਲ ਗੋਸਵਾਮੀ ਦੀ ਕਹਾਣੀ ਤਾਂ ਇਕੋ ਕਿਸਮ ਦੀ ਹੈ। ਇਨ੍ਹਾ ਵਿਚੋਂ ਕੁਨਾਲ ਗੋਸਵਾਮੀ ਦੀ ਤਾਂ ਮਨੋਜ ਕੁਮਾਰ ਦੇ ਲਾਡਲੇ ਤੋਂ ਇਲਾਵਾ ਕੋਈ ਹੋਰ ਹੈਸੀਅਤ ਅੱਜ ਤਕ ਨਹੀਂ ਬਣ ਸਕੀ। 'ਦੋ ਗੁਲਾਬ', 'ਕਲਾਕਾਰ', ਅਤੇ 'ਰਿਕੀ' ਦੀ ਨਾਕਾਮੀ ਤੋਂ ਬਾਅਦ ਅੱਜ ਜੇਕਰ ਉਹ ਚਾਹੇ ਤਾਂ ਆਪਣੇ ਪਿਤਾ ਦੇ ਪ੍ਰਛਾਂਵੇਂ ਤੋਂ ਵੱਖਰਾ ਨਹੀਂ ਹੋ ਸਕਦਾ।

ਕੁਮਾਰ ਗੌਰਵ ਅਤੇ ਸੰਨੀ ਦਿਓਲ ਦਾ 'ਕੈਰੀਅਰ ਗ੍ਰਾਫ' ਇਕੋ ਜਿਹਾ ਰਿਹਾ ਹੈ। ਦੋਨਾਂ ਨੂੰ ਪਹਿਲਾ ਮੌਕਾ ਉਨ੍ਹਾਂ ਦੇ ਪਿਤਾਵਾਂ ਨੇ ਦਿੱਤਾ। ਕੁਮਾਰ ਗੌਰਵ ਦੀ ਪਹਿਲੀ ਫਿਲਮ 'ਲਵ ਸਟੋਰੀ' ਅਤੇ ਸੰਨੀ ਦਿਓਲ ਦੀ ਪਹਿਲੀ ਫਿਲਮ 'ਬੇਤਾਬ' ਵੀ ਹਿੱਟ ਹੋਈ। ਇਸ ਤੋਂ ਬਾਅਦ ਦੋਹਾਂ ਦੀ ਦਿਸ਼ਾ ਬਦਲ ਗਈ। ਕੁਮਾਰ ਗੌਰਵ ਦੀਆਂ ਹੋਰ ਫਿਲਮਾਂ ਟਿਕਟ ਖਿੜਕੀ ਤੇ ਨਹੀਂ ਚਲ ਸਕੀਆਂ ਪਰ ਸੰਨੀ ਦੇ ਹਿੱਸੇ ਦੋ ਹੋਰ ਹਿੱਟ ਫਿਲਮਾਂ 'ਸੋਹਣੀ ਮਹੀਂਵਾਲ' ਅਤੇ 'ਅਰਜੁਨ' ਆ ਗਈਆਂ ਤਾਂ ਵੀ ਦੋਨਾਂ ਦੀ ਸੋਚ ਤੇ ਸਥਿਤੀ ਵਿਚ ਕੋਈ ਵੀ ਫਰਕ ਨਹੀਂ ਰਿਹਾ। ਕੁਮਾਰ ਗੌਰਵ ਅੱਜ ਤਕ ਏਨਾ ਆਤਮ ਵਿਸ਼ਵਾਸ ਪੈਦਾ ਨਹੀਂ ਕਰ ਸਕਿਆ ਕਿ ਉਹ ਆਪਣੇ ਦਿਮਾਗ ਦੀ ਤਾਕਤ ਨਾਲ ਚੱਲ ਸਕੇ। ਪਰਿਵਾਰਕ ਤਨਾਅ ਉਸ ਨੂੰ ਬਹੁਤ ਉਠਾਉਣਾ ਪਿਆ। ਕਿਹਾ ਜਾਂਦਾ ਹੈ ਕਿ ਹੱਥ ਦੀਆਂ ਨਸਾਂ ਕੱਟ ਕੇ ਉਸ ਨੇ ਆਤਮ ਹੱਤਿਆ ਦੀ ਕੋਸ਼ਿਸ ਤਕ ਵੀ ਕੀਤੀ। ਉਸ ਦੀ ਪਤਨੀ ਨਮਰਤਾ ਉਸ ਨੂੰ ਛੱਡ ਕੇ ਆਪਣੇ ਪੇਕੇ ਘਰ ਰਹਿਣ ਲੱਗ ਪਈ। ਹੁਣ ਉਹ ਆਪਣਾ ਫਲੈਟ ਲੈ ਕੇ ਵੱਖਰਾ ਰਹਿ ਰਿਹਾ ਹੈ। ਪਰ ਇਸ ਲਈ ਨਹੀਂ ਕਿ ਪ੍ਰਸਥਿਤੀਆਂ ਨੇ ਉਸ ਵਿਚ ਆਤਮ ਵਿਸ਼ਵਾਸ ਪੈਦਾ ਕਰ ਦਿਤਾ ਹੈ ਜਾਂ ਹੁਣ ਉਸ ਨੂੰ ਕਿਸੇ ਸਹਾਰੇ ਦੀ ਜ਼ਰੂਰਤ ਨਹੀਂ ਹੈ। ਇਸ ਤਰ੍ਹਾਂ ਉਸ ਨੇ ਇਸ ਲਈ ਕੀਤਾ,ਕਿਉਂਕਿ ਉਸ ਨੂੰ ਉਸ ਦੇ ਸਹੁਰੇ ਸੁਨੀਲ ਦੱਤ ਕੋਲੋਂ ਸਹਾਰਾ ਮਿਲ ਗਿਆ। ਸੁਨੀਲ ਦੱਤ ਨੇ ਹੀ ਉਸ ਨੂੰ ਫਲੈਟ ਲੈ ਕੇ ਦਿਤਾ ਇਸ ਨਾਲ ਕੁਮਾਰ ਗੌਰਵ ਉਸ ਸ਼ਰਮਨਾਕ ਸਥਿਤੀ ਦਾ ਸਾਹਮਣਾ ਕਰਨ ਤੋਂ ਬਚ ਗਿਆ,ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਪਿਤਾ ਦਾ ਸਹਾਰਾ ਛੱਡ ਕੇ ਉਹ ਘਰ ਜੁਆਈ ਬਣ ਗਿਆ ਹੈ।

ਖੈਰ! ਗੱਲ ਸੰਨੀ ਦੀ ਚੱਲ ਰਹੀ ਹੈ,ਵੈਸੇ ਉਸ ਦੀ ਹਾਲਤ ਕੁਮਾਰ ਗੌਰਵ ਨਾਲੋਂ ਥੋੜ੍ਹੀ ਚੰਗੀ ਰਹੀ ਹੈ। ਸਟਾਰ—ਪੁੱਤਰਾਂ ਵਿਚੋਂ ਸਭ ਤੋਂ ਵਧ ਸਫਲਤਾ ਤਾਂ ਰਿਸ਼ੀ ਕਪੂਰ ਨੂੰ ਮਿਲੀ ਹੈ,ਉਸ ਪਿਛੋਂ ਸੰਨੀ ਨੂੰ। 'ਲਵ ਸਟੋਰੀ' ਪਿਛੋਂ ਕਿਹਾ ਜਾਂਦਾ ਹੈ ਕਿ ਕੁਮਾਰ ਗੌਰਵ ਇਕ ਫਿਲਮ ਵਿਚ ਕੰਮ ਕਰਨ ਦਾ 8 ਲੱਖ ਰੁਪਿਆ ਮੰਗਣ ਲੱਗ ਪਿਆ ਸੀ ਪਰ ਛੇਤੀ ਹੀ ਇਹ ਹਾਲਤ ਹੋ ਗਈ ਕਿ ਕੋਈ ਦੋ ਲੱਖ ਰੁਪਏ ਵੀ ਉਸ ਨੂੰ ਦੇਣ ਲਈ ਰਾਜ਼ੀ ਨਹੀਂ ਹੋਇਆ।

ਸੰਨੀ ਲਗਪੱਗ ਚਾਰ ਸਾਲ ਤੋਂ ਕੈਰੀਅਰ ਦੇ ਮਾਮਲੇ ਵਿਚ ਡਿਗਿਆ ਨਹੀਂ ਹੈ ਤੇ ਇਸ ਦਾ ਸਭ ਤੋਂ ਵੱਡਾ ਕਾਰਨ ਇਹ ਰਿਹਾ ਹੈ ਕਿ ਪਹਿਲੀ ਫਿਲਮ 'ਬੇਤਾਬ' ਦੀ ਸਫਲਤਾ ਪਿਛੋਂ ਉਸ ਦੀ 'ਸੋਹਣੀ ਮਹੀਂਵਾਲ' ਵੀ ਹਿੱਟ ਹੋ ਗਈ ਤੇ 'ਅਰਜੁਨ' ਵੀ।

ਤਿੰਨ ਫਿਲਮਾਂ ਦੀ ਸਫਲਤਾ ਦਾ ਇਹੀ ਆਲਮ ਹੈ ਕਿ 'ਸੰਨੀ', 'ਜ਼ਬਰਦਸਤ' 'ਮੰਜ਼ਿਲ ਮੰਜ਼ਿਲ', 'ਸਲਤਨਤ', 'ਸਵੇਰੇ ਵਾਲੀ ਗਾਡੀ' ਵਰਗੀਆਂ ਫਿਲਮਾਂ ਦੀ ਨਾਕਾਮੀ ਪਚਾਉਣ ਵਿਚ ਉਸ ਨੂੰ ਦਿੱਕਤ ਨਹੀਂ ਹੋਈ। ਉਸ ਦੇ ਬਾਜ਼ਾਰੂ ਭਾਅ ਤੇ ਵੀ ਕੋਈ ਖਾਸ ਅਸਰ ਨਹੀਂ ਪਿਆ। ਕਿਹਾ ਜਾਂਦਾ ਹੈ ਕਿ ਇਕ ਫਿਲਮ ਵਿਚ ਸੰਨੀ ਦੇ ਕੰਮ ਕਰਨ ਲਈ ਧਰਮਿੰਦਰ 15-16 ਲੱਖ ਰੁਪਏ ਮੰਗਦਾ ਹੈ। ਜੇਕਰ ਇਹ ਸੱਚ ਹੈ ਤਾਂ ਸੰਨੀ ਜੈਕੀ ਸ਼ਰਾਫ ਅਤੇ ਅਨਿਲ ਕਪੂਰ ਨਾਲੋਂ ਵੀ ਅੱਗੇ ਨਿੱਕਲ ਗਿਆ ਹੈ ਕਿਉਂਕਿ ਦੋਵੇਂ 8-10 ਲੱਖ ਰੁਪਏ ਵਿਚ ਇਕ ਫਿਲਮ ਵਿਚ ਕੰਮ ਕਰਨ ਦਾ ਮੇਹਨਤਾਨਾ ਲੈਂਦੇ ਹਨ।

ਹਾਲਾਂ ਕਿ ਧਰਮਿੰਦਰ ਸੰਨੀ ਨੂੰ ਸਾਈਨ ਕਰਨ ਆਏ ਉਨ੍ਹਾਂ ਨਿਰਮਾਤਾਵਾਂ ਤੋਂ 15-16 ਲੱਖ ਰੁਪਏ ਮੰਗਦਾ ਹੈ ਜਿਨ੍ਹਾਂ ਦੀਆਂ ਫਿਲਮਾਂ ਵਿਚ ਉਹ ਨਹੀਂ ਚਾਹੁੰਦਾ ਕਿ ਸੰਨੀ ਕੰਮ ਕਰੇ। ਉਲਟਾ ਜਿੰਨ੍ਹਾਂ ਨਿਰਮਾਤਾ ਨਿਰਦੇਸ਼ਕਾਂ ਦੀਆਂ ਫਿਲਮਾਂ ਨੂੰ ਉਹ ਸੰਨੀ ਯੋਗ ਸਮਝਦਾ ਹੈ,ਉਨ੍ਹਾਂ ਵਿਚ ਉਹ ਮੇਹਨਤਾਨੇ ਦਾ ਕੋਈ ਵਿਵਾਦ ਪੈਦਾ ਨਹੀਂ ਹੋਣ ਦਿੰਦਾ ਅਤੇ ਆਪ ਵੀ ਲਗਪੱਗ ਮੁਫਤ ਕੰਮ ਕਰਨ ਦੀ ਪੇਸ਼ਕਸ਼ ਕਰ ਦਿੰਦਾ ਹੈ।

ਸੰਨੀ ਦਾ ਪੂਰਾ ਕੈਰੀਅਰ ਪਿਛਲੇ ਚਾਰ ਪੰਜ ਸਾਲ ਤੋਂ ਧਰਮਿੰਦਰ ਦੇ ਹੱਥਾਂ ਵਿਚ ਹੈ। ਇਹ ਧਰਮਿੰਦਰ ਦੀ ਹੀ ਜਿੱਤ ਹੈ ਕਿ ਉਹ ਇਕ ਸਮੇਂ ਵਿਚ ਦੋ—ਤਿੰਨ ਤੋਂ ਵੱਧ ਫਿਲਮਾਂ ਨਾ ਕਰੇ। ਆਪਣੇ ਲੰਮੇ ਫਿਲਮੀ ਕੈਰੀਅਰ ਦੇ ਅਨੁਭਵ ਨੇ ਉਸ ਨੂੰ ਏਨਾ ਤਾਂ ਸਿਖਾ ਦਿਤਾ ਹੈ ਕਿ ਦੌੜ ਵਿਚ ਰਹਿਣ ਦੇ ਕੀ ਤੌਰ ਤਰੀਕੇ ਹੋ ਸਕਦੇ ਹਨ। ਆਪਣੇ ਬਾਰੇ ਤਾਂ ਉਨ੍ਹਾਂ ਨੂੰ ਇਸਤੇਮਾਲ ਕਰਨ ਦੀ ਕੋਈ ਜ਼ਰੂਰਤ ਨਹੀਂ ਪਈ ਕਿਉਂਕਿ ਜਦੋਂ ਤਕ ਉਹ ਚਾਲ ਢਾਲ ਸਮਝ ਸਕਿਆ,ਉਦੋਂ ਤਕ ਉਹ ਸਟਾਰ ਬਣ ਚੁੱਕਿਆ ਸੀ ਅਤੇ ਹੁਣ ਸੰਨੀ ਦੇ ਆਉਣ ਦੇ ਬਾਅਦ ਵੀ ਉਸ ਦੇ ਇਮੇਜ਼ ਵਿਚ ਕੋਈ ਫਰਕ ਨਹੀਂ ਪਿਆ। ਏਥੋਂ ਤਕ ਕਿ ਉਸ ਦੇ ਰੁਮਾਂਟਿਕ ਇਮੇਜ਼ ਨੂੰ ਵੀ ਕੋਈ ਧੱਕਾ ਨਹੀਂ ਲੱਗਾ।

ਧਰਮਿੰਦਰ ਕਈ ਸਟਾਰ—ਪੁੱਤਰਾਂ ਦੀ ਦੁਰਗਤ ਦੇਖ ਚੁੱਕਿਆ ਸੀ ਜਿਨ੍ਹਾਂ ਨੇ ਸ਼ੁਰੂ ਦੀ ਸਫਲਤਾ ਪਿਛੋਂ ਬਹੁਤ ਸਾਰੀਆਂ ਫਿਲਮਾਂ ਹਥਿਆ ਲਈਆਂ ਤੇ ਜਦੋਂ ਅਸਫਲਤਾ ਦਾ ਸਿਲਸਿਲਾ ਸ਼ੁਰੂ ਹੋਇਆ ਤਾਂ ਉਹ ਨਾ ਘਰ ਦੇ ਰਹੇ ਨਾ ਘਾਟ ਦੇ। 'ਬੇਤਾਬ' ਦੀ ਕਾਮਯਾਬੀ ਪਿਛੋਂ ਜੇ ਸੰਨੀ ਚਾਹੁੰਦਾ ਤਾਂ ਢੇਰ ਸਾਰੀਆਂ ਫਿਲਮਾਂ ਇਕੱਠੀਆਂ ਕਰ ਸਕਦਾ ਸੀ। 'ਸੋਹਣੀ ਮਹੀਂਵਾਲ' ਪਿਛੋਂ ਤਾਂ ਉਹ ਮਿਥਨ ਚੱਕਰਵਰਤੀ ਵਾਂਗ ਆਪਣੇ ਚਾਰੇ ਪਾਸੇ ਫਿਲਮਾਂ ਦਾ ਜੰਗਲ ਉਗਾ ਸਕਦਾ ਸੀ ਪਰ ਧਰਮਿੰਦਰ ਇਸ ਤਰ੍ਹਾਂ ਨਹੀਂ ਚਾਹੁੰਦਾ ਸੀ। ਉਸ ਨੇ ਬਾਕੀ ਸਟਾਰ ਪੁੱਤਰਾਂ ਵਾਲੀ ਗਲਤੀ ਨਹੀਂ ਕਰਨ ਦਿਤੀ। ਪਿਤਾ ਹੋਣ ਦੇ ਕਾਰਨ ਉਹ ਸੰਨੀ ਦੀ ਯੋਗਿਤਾ ਨੂੰ ਸਮਝਦਾ ਸੀ। ਉਹ ਨਹੀਂ ਚਾਹੁੰਦਾ ਸੀ ਕਿ ਦੂਜੇ ਸਟਾਰ ਪੁੱਤਰਾਂ ਵਾਂਗ ਉਹ ਵੀ ਜ਼ਿਆਦਾ ਫਿਲਮਾਂ ਲੈ ਕੇ ਛੇਤੀ ਖਤਮ ਹੋ ਜਾਏ।

ਬਾਕੀ ਪੰਨਾ 34 'ਤੇ


## THINKING OF BUYING or SELLING

(RESIDENTIAL, COMMERCIAL, FARMS & INDUSTRIAL)

L/R

**Lake View Realty**

- FREE Consultation for BUYING or SELLING
- FREE Information on Financing
- FREE Knowledge of your existing Mortgage
- FREE EVALUATION of your property

FOR FRIENDLY & EFFICIENT SERVICE

Call

**NIRMAL (NEIL) DHALIWAL**

**Bus: 588-9955 Res: 597-2069**



I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully.







ਧਰਮਿੰਦਰ ਨੂੰ ਪਤਾ ਹੈ ਕਿ ਸੰਨੀ ਕੋਈ ਸੰਜੀਵ ਕੁਮਾਰ ਤਾਂ ਹੈ ਨਹੀਂ ਕਿ ਹਰ ਤਰ੍ਹਾਂ ਦੀਆਂ ਫਿਲਮਾਂ ਕਰ ਸਕੇ। ਸੰਨੀ ਦਾ ਮਕਸਦ ਪੈਸਾ ਕਮਾਉਣਾ ਹੋਵੇ,ਇਹ ਵੀ ਧਰਮਿੰਦਰ ਨੇ ਕਦੀ ਨਹੀਂ ਮੰਨਿਆ। ਉਸ ਦਾ ਕਹਿਣਾ ਹੈ,'ਪੈਸਾ ਕਮਾਉਣ ਲਈ ਸੰਨੀ ਨੂੰ ਫਿਲਮਾਂ ਵਿਚ ਕੰਮ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ। ਪੈਸਾ ਤਾਂ ਕਿਤੇ ਵੀ ਰਹਿਕੇ ਕਮਾਇਆ ਜਾ ਸਕਦਾ ਹੈ। ਮੈਂ ਖੁਦ ਵੀ ਏਨਾ ਪੈਸਾ ਕਮਾ ਰਿਹਾ ਹਾਂ ਕਿ ਆਪਣੇ ਪਰਿਵਾਰ ਨੂੰ ਪੂਰੀ ਜ਼ਿੰਦਗੀ ਬੈਠਾਕੇ ਖੁਆ ਸਕਦਾ ਹਾਂ। ਸੰਨੀ ਨੂੰ ਮੈਂ ਫਿਲਮਾਂ ਵਿਚ ਇਸ ਲਈ ਲਿਆਂਦਾ ਹੈ ਕਿਉਂਕਿ ਫਿਲਮਾਂ ਹੀ ਅਜਿਹਾ ਫੀਲਡ ਹੈ ਜਿਸ ਨਾਲ ਉਹ ਨਾਂ ਕਮਾ ਸਕਦਾ ਹੈ। ਹੋਰ ਵੀ ਫੀਲਡ ਹੋਣਗੇ ਪਰ ਮੈਂ ਤਾਂ ਫਿਲਮਾਂ ਦੀ ਭਾਸ਼ਾ ਨੂੰ ਹੀ ਜ਼ਿਆਦਾ ਚੰਗੀ ਤਰ੍ਹਾਂ ਸਮਝਦਾ ਹਾਂ। ਮੈਨੂੰ ਮਹਿਸੂਸ ਹੋਇਆ ਕਿ ਮੈਂ ਫਿਲਮਾਂ ਵਿਚ ਹੀ ਸੰਨੀ ਲਈ ਕੁਝ ਕਰ ਸਕਦਾ ਹਾਂ।'

ਧਰਮਿੰਦਰ ਸੰਨੀ ਦੇ ਕੈਰੀਅਰ ਵਿਚ ਓਨੀ ਹੀ ਦਿਲਚਸਪੀ ਲੈਂਦਾ ਹੈ ਜਿੰਨੀ ਕੁਮਾਰ ਗੌਰਵ ਲਈ ਰਾਜਿੰਦਰ ਕੁਮਾਰ ਨੇ ਲਈ। ਫਰਕ ਇਹ ਸੀ ਕਿ ਰਾਜਿੰਦਰ ਕੁਮਾਰ ਦੀ ਦਿਲਚਸਪੀ ਕੁਮਾਰ ਗੌਰਵ ਲਈ ਇਕ ਜੰਜਾਲ ਬਣ ਗਈ ਪਰ ਸੰਨੀ ਲਈ ਧਰਮਿੰਦਰ ਦੀ ਦਿਲਚਸਪੀ ਹੁਣ ਤੱਕ ਤਾਂ ਵਰਦਾਨ ਸਾਬਤ ਹੋਈ ਹੈ

'ਬੇਤਾਬ' ਵਿਚ ਕਿਉਂਕਿ ਧਰਮਿੰਦਰ ਦਾ ਹੀ ਪੈਸਾ ਲੱਗਿਆ ਸੀ ਇਸ ਲਈ ਸੰਨੀ ਨੂੰ ਚਮਕਾਉਣ ਲਈ ਕੋਈ ਕਸਰ ਨਹੀਂ ਛੱਡੀ। ਰਾਹੁਲ ਰਾਵੇਲ ਵਰਗਾ ਨਿਰਦੇਸ਼ਕ ਮਾਮੂਲੀ ਸ਼ਾਟ ਲਈ 20 ਵਾਰੀ ਰੀਟੇਕ ਲੈਣ ਲਈ ਬਦਨਾਮ ਹੈ। ਰਾਜਿੰਦਰ ਕੁਮਾਰ ਨੇ ਉਸ ਤੋਂ 'ਲਵ ਸਟੋਰੀ' ਦਾ ਨਿਰਦੇਸ਼ਨ ਇਹੀ ਦੋਸ਼ ਲਾਕੇ ਖੋਹਿਆ ਕਿ ਸੌ ਫੁੱਟ ਫਿਲਮ ਬਣਾਉਣ ਲਈ ਉਹ ਦੋ ਹਜ਼ਾਰ ਫੁੱਟ ਕੱਚੀ ਫਿਲਮ ਬੇਕਾਰ ਕਰ ਦਿੰਦਾ ਹੈ। ਧਰਮਿੰਦਰ ਨੇ 'ਬੇਤਾਬ' ਵਿਚ ਰਾਹੁਲ ਨੂੰ ਇਹ ਆਜ਼ਾਦੀ ਦਿਤੀ ਕਿ ਸੰਨੀ ਦੇ ਇਕ ਸ਼ਾਟ ਲਈ ਜੇ ਉਸ ਨੂੰ 20 ਰੀਟੇਕ ਵੀ ਘਟ ਲਗਣ ਤਾਂ ਉਹ ਚਾਲੀ ਰੀਟੇਕ ਲਵੇ ਪਰ ਸੰਨੀ ਦਾ ਸ਼ਾਟ ਮੁਕੰਮਲ ਹੋਵੇ।

'ਬੇਤਾਬ' ਵਿਚ ਧਰਮਿੰਦਰ ਨੇ ਇਹ ਵੀ ਸਮਝ ਲਿਆ ਕਿ ਚੰਗੀ ਤਰ੍ਹਾਂ ਲਿਖੀ ਹੋਈ ਪਟਕਥਾ ਹੀ ਸੰਨੀ ਲਈ ਠੀਕ ਹੈ। ਇਹ ਵੀ ਉਸ ਨੂੰ ਪਤਾ ਲੱਗ ਗਿਆ ਕਿ ਹਰ ਕਿਸੇ ਨਿਰਦੇਸ਼ਕ ਦੇ ਵਸ ਨਹੀਂ ਕਿ ਉਹ ਸੰਨੀ ਕੋਲੋਂ ਕੰਮ ਲੈ ਸਕੇ। ਇਸ ਲਈ ਉਹ ਚੁਣੇ ਹੋਏ ਨਿਰਮਾਤਾਵਾਂ ਦੀਆਂ ਫਿਲਮਾਂ ਵਿਚ ਸੰਨੀ ਨੂੰ ਕੰਮ ਕਰਨ ਦੀ ਇਜਾਜ਼ਤ ਦੇ ਰਿਹਾ ਹੈ। ਕਿਉਂਕਿ ਉਸ ਨੂੰ ਲਗ ਰਿਹਾ ਸੀ ਕਿ ਇਹ ਫਿਲਮ ਸੰਨੀ ਨੂੰ ਕੋਈ ਲਾਭ ਨਹੀਂ ਪਹੁੰਚਾਉਣ ਵਾਲੀ।

ਇਸ ਸਮੇਂ ਸੰਨੀ ਕੋਲ ਜਿਹੜੀਆਂ ਵੀ ਫਿਲਮਾਂ ਹਨ ਉਹ ਧਰਮਿੰਦਰ ਦੇ ਆਪਣੇ ਹੀ ਲੋਕਾਂ ਦੀਆਂ ਹਨ ਤੇ ਉਨ੍ਹਾਂ ਨੂੰ ਕਾਫੀ ਨਾਪ ਤੋਲ ਕੇ ਉਸ ਨੇ ਚੁਣਿਆ ਹੈ। ਉਹ ਇਹ ਵੀ ਧਿਆਨ ਰੱਖਦਾ ਹੈ ਕਿ ਸੰਨੀ ਦੀ ਫਿਲਮ ਦਾ ਨਿਰਦੇਸ਼ਕ ਵੀ ਉਸ ਦੀ ਪਸੰਦ ਦਾ ਹੋਵੇ। ਰਾਹੁਲ ਰਵੇਲ ਉਤੇ ਧਰਮਿੰਦਰ ਨੂੰ ਪੂਰਾ ਭਰੋਸਾ ਹੈ 'ਬੇਤਾਬ' ਅਤੇ 'ਅਰਜੁਨ' ਸੰਨੀ ਦੀਆਂ ਇਹ ਦੋਨੋਂ ਹਿਟ ਫਿਲਮਾਂ ਲਈ ਰਾਹੁਲ ਰਵੇਲ ਨੇ ਹੀ ਨਿਰਦੇਸ਼ਨ ਦਿਤਾ ਸੀ। ਕਿਹਾ ਜਾਂਦਾ ਹੈ ਕਿ ਰਾਹੁਲ ਦੀ ਆਪਣੀ ਫਿਲਮ 'ਡਕੈਤ' ਲਈ ਫਾਈਨਾਂਸ ਕਰਨ ਵਿਚ ਧਰਮਿੰਦਰ ਨੇ ਕਾਫੀ ਮਦਦ ਕੀਤੀ।

ਸੰਨੀ ਕੋਲ ਇਸ ਸਮੇਂ ਜਿਹੜੀਆਂ ਫਿਲਮਾਂ ਹਨ,ਉਨ੍ਹਾਂ ਵਿਚ ਮੁਖ ਹਨ—'ਜੋਸ਼ੀਲੇ','ਰਾਮ ਅਵਤਾਰ'ਅਤੇ 'ਯਤੀਮ'। 'ਜੋਸ਼ੀਲੇ'ਦਾ ਨਿਰਦੇਸ਼ਕ ਸ਼ੇਖਰ ਕਪੂਰ ਹੈ ਜਿਹੜਾ ਕਿ 'ਮਾਸੂਮ'ਤੋਂ ਕਾਫੀ ਵਾਹਵਾ ਖੱਟਚੁੱਕਿਆ ਹੈ। 'ਰਾਮ ਅਵਤਾਰ'ਧਰਮਿੰਦਰ ਦੇ ਦੋਸਤ 'ਅਰਜੁਨ ਹਿੰਗੋਰਾਨੀ'ਦੀ ਫਿਲਮ ਹੈ। ਇਸਦਾ ਨਿਰਦੇਸ਼ਕ ਜੇ ਪੀ ਦੱਤਾ ਹੈ। ਜੋ 'ਗੁਲਾਮੀ'ਪਿਛੋਂ ਧਰਮਿੰਦਰ ਦੇ ਸਭ ਤੋਂ ਦੁਲਾਰੇ ਨਿਰਦੇਸ਼ਕ ਬਣ ਗਏ ਹਨ

ਪਰ ਏਨੀ ਚੌਕਸੀ ਦੇ ਬਾਵਜੂਦ ਸੰਨੀ ਦੀਆਂ ਕਈ ਪਿਛਲੀਆਂ ਫਿਲਮਾਂ ਲਗਾਤਾਰ ਬੁਰੀ ਤਰ੍ਹਾ ਫਲਾਪ ਹੋਈਆਂ ਹਨ। ਇਹ ਠੀਕ ਹੈ ਕਿ ਇਸ ਲਈ ਸੰਨੀ ਨੂੰ ਦੋਸ਼ ਨਹੀਂ ਦਿਤਾ ਜਾ ਸਕਦਾ ਕਿਉਂਕਿ ਉਸ ਨੇ ਕੋਈ ਫਿਲਮ ਨਹੀਂ ਸੀ ਚੁਣੀ। ਪਰ ਜੇਕਰ ਦੋ ਤਿੰਨ ਫਿਲਮਾਂ ਹੋਰ ਫਲਾਪ ਹੋ ਜਾਂਦੀਆਂ ਹਨ ਤਾਂ ਉਸ ਦਾ ਕੈਰੀਅਰ ਚੌਪਟ (ਖਤਮ) ਹੋ ਜਾਏਗਾ। ਕੋਈ ਧਰਮਿੰਦਰ,ਕੋਈ ਰਾਹੁਲ,ਕੋਈ ਦੱਤਾ ਕਿਸੇ ਦਾ ਕੈਰੀਅਰ ਨਹੀਂ ਬਣਾ ਸਕਦਾ। ਕੈਰੀਅਰ ਉਸੇ ਦਾ ਬਣਦਾ ਹੈ ਜਿਸਦੇ ਪੈਰ ਮਜ਼ਬੂਤੀ ਨਾਲ ਆਪਣੀ ਜ਼ਮੀਨ ਉਤੇ ਟਿਕੇ ਹੋਣ। ਉਧਾਰ ਦੇ ਖੰਭ ਲੈ ਕੇ ਕੋਈ ਅਸਮਾਨ ਵਿਚ ਇਕ ਦਿਨ ਲਈ ਤਾਂ ਉਡਾਰੀ ਮਾਰ ਸਕਦਾ ਹੈ ਪਰ ਖੰਭ ਖੁਸਦਿਆਂ ਹੀ ਨਾ ਅਸਮਾਨ ਉਸ ਕੋਲ ਰਹਿੰਦਾ ਹੈ ਤੇ ਨਾ ਹੀ ਜ਼ਮੀਨ।

ਜੇਕਰ ਸੰਨੀ ਦਾ ਇਰਾਦਾ ਸਿਰਫ ਕੁਝ ਸਮੇਂ ਲਈ ਸਟਾਰ ਬਣਨ ਦਾ ਰਿਹਾ ਹੈ ਤਾਂ ਗੱਲ ਹੋਰ ਹੈ ਫਿਰ ਤਾਂ ਉਸ ਨੂੰ ਆਪਣੇ ਕੈਰੀਅਰ ਬਾਰੇ ਫਿਕਰਮੰਦ ਹੋਣ ਦੀ ਜ਼ਰੂਰਤ ਨਹੀਂ ਹੈ। ਪਰ ਸਥਾਈ ਸਫਲਤਾ ਪ੍ਰਾਪਤ ਕਰਨ ਲਈ ਉਸ ਨੂੰ ਆਪਣੇ ਪੈਰਾਂ ਤੇ ਖੜ੍ਹਾ ਹੋਣਾ ਪਵੇਗਾ। ਖੁਦ ਆਪ ਫੈਸਲੇ ਕਰਨੇ ਹੋਣਗੇ। ਸਾਰੀ ਉਮਰ ਤਾਂ ਧਰਮਿੰਦਰ ਉਸ ਲਈ ਤਿਆਰ—ਸ਼ੁਦਾ ਸਥਿਤੀਆਂ ਨਹੀਂ ਪੈਦਾ ਕਰ ਸਕੇਗਾ। ਆਪਣੇ ਨਾਂ ਦੇ ਮੁਤਾਬਕ ਜੇ ਸੰਨੀ ਨੇ ਚਮਕਣਾ ਹੈ ਤਾਂ ਉਸ ਨੂੰ ਆਪਣੀ ਰੋਸ਼ਨੀ ਬਣਾਉਣੀ ਪਵੇਗੀ। ਉਧਾਰ ਦੀ ਰੋਸ਼ਨੀ ਨਾਲ ਤਾਂ ਉਹ ਟਿਮ—ਟਿਮਾਉਂਦਾ ਹੀ ਰਹੇਗਾ ਅਤੇ ਹਮੇਸ਼ਾ ਇਹ ਖਦਸ਼ਾ ਬਣਿਆ ਰਹੇਗਾ ਕਿ ਉਹ ਕਿਸੇ ਮਾਮੂਲੀ ਫੂਕ ਨਾਲ ਹੀ ਨਾ ਬੁਝ ਜਾਏ।

—ਪੰਜਾਬ ਮਸਲਾ—





**ਕਰਤਾਰ ਫੋਟੋ ਸਟੂਡੀਓ**

**1 HOUR PHOTO SERVICE**

**KARTAR PHOTO STUDIO**

**4279 - Fraser St. (27th Ave.)**

**Vancouver, B.C.**

**We Do Passport, 5 Mins. Service, Portrait Photos & Weddings**

**Off; 872-6060**



ਕੈਲਗਰੀ ਵਿਚ

**ਨਰੀਨ ਐਨ. ਮਲਿਕ**

ਜੋ ਕ੍ਰਿਮੀਨਲ ਲਾਅ, ਇੰਮੀਗਰੇਸ਼ਨ, ਤਲਾਕ, ਸੱਟਾਂ ਲੱਗਣ ਦੇ ਕਲੇਮ ਅਤੇ ਸਿਵਲ ਦੀ ਵਕਾਲਤ ਕਰਦੇ ਹਨ

**Narin N. Malik** Lawyer

General Practice including
Real Estate, Immigration, Criminal, Accident Claims, Divorces, Wills, Civil Litigation

**Narin N. Malik Lawyer**
903 - 805 - 8th Ave. S.W.
CALGARY, ALTA T2P 1H7
**Ph. 232-6535**

# ਸਮੇਂ ਦੀ ਆਵਾਜ਼ ਰੇਡੀਓ ਪ੍ਰੋਗਰਾਮ ਦੀ ਪਹਿਲੀ ਵਰ੍ਹੇ ਗੰਢ

ਸਮੇਂ ਦੀ ਆਵਾਜ਼ ਰੇਡੀਓ ਪ੍ਰੋਗਰਾਮ ਦੀ ਪਹਿਲੀ ਵਰ੍ਹੇ ਗੰਢ ਤੇ ਸਾਰੇ ਸੁਨਣ ਵਾਲਿਆਂ ਨੂੰ ਬਹੁਤ ਬਹੁਤ ਵਧਾਈ।

ਅੱਜ ਦਾ ਦਿਨ ਬਹੁਤ ਹੀ ਖੁਸ਼ੀਆਂ ਭਰਿਆ ਤੇ ਚੜ੍ਹਦੀਆਂ ਕਲਾਂ ਵਾਲਾ ਹੈ। ਜਿਸ ਤਰ੍ਹਾਂ ਮਾਪੇ ਆਪਣੇ ਬੱਚਿਆਂ ਦੀ ਪਹਿਲੀ ਸਾਲ ਗਿਰ੍ਹਾ ਤੇ ਬਹੁਤ ਹੀ ਖੁਸ਼ੀ ਮਨਾਉਂਦੇ ਹਨ ਉਸੇ ਤਰ੍ਹਾਂ ਅੱਜ ਅਸੀਂ ਪਿਕਸ ਸੁਸਾਇਟੀ ਦੇ ਸਾਰੇ ਮੈਂਬਰ ਬਹੁਤ ਹੀ ਖੁਸ਼ ਹਾਂ।

ਸਮੇਂ ਦੀ ਆਵਾਜ਼ ਦਾ ਪਹਿਲਾ ਪ੍ਰੋਗਰਾਮ ਅਸੀਂ ਦੋ ਫਰਵਰੀ ਨੂੰ ਪੇਸ਼ ਕੀਤਾ। ਭਾਵੇਂ ਇਸ ਪ੍ਰੋਗਰਾਮ ਨੂੰ ਸ਼ੁਰੂ ਕਰਨ ਲਈ ਕੋਸ਼ਿਸ਼ਾਂ ਅਸੀਂ ਬਹੁਤ ਹੀ ਚਿਰ ਪਹਿਲੋਂ ਦੀਆਂ ਕਰ ਰਹੇ ਸਾਂ, ਪਰ ਪ੍ਰੋਗਰਾਮ ਕਿਸ ਤਰ੍ਹਾਂ ਦਾ ਹੋਵੇ, ਸਾਡੇ ਨਿਸ਼ਾਨੇ ਕੀ ਹੋਣ, ਇਸ ਸਿੱਟੇ ਤੇ ਪਹੁੰਚਣ ਲਈ ਸਾਨੂੰ ਪਿਕਸ ਸੁਸਾਇਟੀ ਦੀਆਂ ਕਈ ਮੀਟਿੰਗਾਂ ਕਰਨੀਆਂ ਪਈਆਂ। ਅਖੀਰ ਵਿਚ ਫੈਸਲਾ ਇਹ ਹੋਇਆ ਕਿ ਸਾਡਾ ਪ੍ਰੋਗਰਾਮ ਕਮਿਊਨਿਟੀ ਵਿਚ ਚੱਲ ਰਹੇ ਪ੍ਰੋਗਰਾਮਾਂ ਤੋਂ ਬਹੁਤ ਹੀ ਵੱਖਰਾ ਹੋਵੇ। ਸਾਡਾ ਪ੍ਰੋਗਰਾਮ ਇਹੋ ਜਿਹਾ ਹੋਣਾ ਚਾਹੀਦਾ ਹੈ ਜਿਸ ਤੋਂ ਸਾਡੇ ਵੀਰ, ਸਾਡੀਆਂ ਭੈਣਾਂ ਸਾਡੀਆਂ ਮਾਤਾਵਾਂ ਤੇ ਬਜ਼ੁਰਗਾਂ ਨੂੰ ਕੁਝ ਨਾ ਕੁਝ ਸਿਖਣ ਵਿਚ ਸਹਾਇਕ ਹੋਵੇ। ਇਸ ਵਿਚ ਕੋਈ ਭੀ ਬੁਲਾਰਾ, ਕਿਸੇ ਦੂਸਰੇ ਦੇ ਧਰਮ ਤੇ ਦੂਸਰੀ ਪਾਰਟੀ ਤੇ ਕਿਸੇ ਵਿਅਕਤੀ ਤੇ ਕੋਈ ਚਿੱਕੜ ਨਾ ਸੁਟੇ। ਪ੍ਰੋਗਰਾਮ ਇਹੋ ਜਿਹਾ ਹੋਵੇ ਜਿਸ ਵਿਚ ਅਸੀਂ ਆਪਣੀ ਕਮਿਊਨਿਟੀ ਦੇ ਚੰਗੇ ਸਾਹਿਤਕਾਰ, ਸਿਆਸੀ ਲੀਡਰ, ਡਾਕਟਰ, ਹੈਲਥ ਮਹਿਕਮੇ ਦੇ ਕਰਿੰਦੇ ਤੇ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੂੰ ਲਿਆਈਏ ਜੋ ਸਾਡੇ ਲੋਕਾਂ ਨੂੰ ਕਈ ਤਰ੍ਹਾਂ ਦੀ ਜਾਣਕਾਰੀ ਦੇਣ। ਅੱਜ ਅਸੀਂ ਬੜੇ ਫਖਰ ਨਾਲ ਕਹਿ ਸਕਦੇ ਹਾਂ ਕਿ ਅਸੀਂ ਆਪਣੇ ਨਿਸ਼ਾਨਿਆਂ ਵਿਚ ਕਾਫੀ ਸਫਲ ਰਹੇ ਹਾਂ। ਭਾਵੇਂ ਸਾਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਪਰ ਫਿਰ ਭੀ ਅਸੀਂ ਪੂਰੀ ਕੋਸ਼ਿਸ਼ ਕੀਤੀ ਕਿ ਸਾਡਾ ਪ੍ਰੋਗਰਾਮ ਹੋਰ ਭੀ ਸੁਚੱਜਾ ਤੇ ਸੋਹਣਾ ਬਣੇ। ਇਸ ਪ੍ਰੋਗਰਾਮ ਨੂੰ ਚੰਗਾ ਬਨਾਉਣ ਵਿਚ ਜਿਨ੍ਹਾਂ ਸਾਡੇ ਵੀਰ, ਭੈਣਾਂ ਤੇ ਸਾਡੇ ਬਜ਼ੁਰਗਾਂ ਨੇ ਸਾਡਾ ਸਾਥ ਦਿੱਤਾ, ਅਸੀਂ ਉਹਨਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ।

ਪਿਛਲੇ ਸਾਲ ਦੇ ਸਮੇਂ ਵਿਚ ਜਿਨ੍ਹਾਂ ਸੱਜਣਾਂ ਨੇ ਸਾਡੀਆਂ ਬੇਨਤੀਆਂ ਮਨਜ਼ੂਰ ਕੀਤੀਆਂ ਤੇ ਆਪਣੇ ਰੁਝੇਵਿਆਂ ਨੂੰ ਛੱਡਕੇ ਸਾਨੂੰ ਵਕਤ ਦਿੱਤਾ, ਉਹਨਾਂ ਦੇ ਨਾਮ ਦੱਸਣ ਵਿਚ ਸਾਨੂੰ ਬੜੀ ਖੁਸ਼ੀ ਮਹਿਸੂਸ ਹੋ ਰਹੀ ਹੈ।

ਅਜਮੇਰ ਰੋਡੇ, ਸਾਧੂ, ਜਰਨੈਲ ਚੰਦੀ, ਅਮਰਜੀਤ ਸੂਫੀ ਤੇ ਸੁਖਵੰਤ ਹੁੰਦਲ ਵਰਗੇ ਉਭਰ ਰਹੇ ਸਾਹਿਤਕਾਰ ਇਥੇ ਆਏ ਤੇ ਆਪਦੇ ਸੁਲਝੇ ਵਿਚਾਰ ਤੇ ਰਚਨਾਵਾਂ ਪੇਸ਼ ਕੀਤੀਆਂ। ਡਾਕਟਰ ਸਰਬਜੀਤ ਸਿੰਘ ਨੀਲ, ਗੁਰਿੰਦਰ ਮਮਿਕ ਤੇ ਗੁਰਮੇਲ ਮਾਨ ਨੇ ਸਿਹਤ ਬਾਰੇ ਆਪਣੇ ਵਿਚਾਰ ਰੱਖੇ। ਸਾਡੀ ਕਮਿਊਨਿਟੀ ਵੱਲੋਂ ਵੱਖ ਵੱਖ ਸਮਿਆਂ ਤੇ ਮੋਤਾ ਸਿੰਘ ਝੀਤਾ, ਮਹਿੰਦਰ ਸਿੰਘ ਗਰੇਵਾਲ, ਨਿਰਮਲ ਸਿੰਘ ਕਲਸੀ, ਸ਼ੀਲਾ ਮੁਨਾ ਲਾਲ ਤੇ ਸ਼ਸ਼ੀ ਆਸ਼ਾਨੰਦ ਵਰਗਿਆਂ ਨੇ ਸਾਡੀਆਂ ਬੇਨਤੀਆਂ ਨੂੰ ਪਰਵਾਨ ਕੀਤਾ ਤੇ ਆਪਣੇ ਵਿਚਾਰ ਤੁਹਾਡੇ ਤੱਕ ਪਹੁੰਚਾਏ।

ਸਾਡੀ ਕਮਿਊਨਿਟੀ ਦੇ ਨਵੇਂ ਤੇ ਪਹਿਲੇ ਅਸੈਂਬਲੀ ਦੇ ਮੈਂਬਰ ਮੋਅ ਸਹੋਤਾ ਨੇ ਸਾਡੀ ਬੇਨਤੀ ਨੂੰ ਮੰਨਦੇ ਹੋਏ ਸਾਡੇ ਰੇਡੀਓ ਪ੍ਰੋਗਰਾਮ ਤੇ ਆਏ ਤੇ ਤੁਹਾਡੇ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਇਸ ਤੋਂ ਇਲਾਵਾ ਰੇਨਾਟਾ ਸ਼ੀਅਰਰ, ਅਜ਼ੀਜ਼ ਖਾਕੀ ਤੇ ਹੋਰ ਕਮਿਊਨਿਟੀ ਦੇ ਲੀਡਰਾਂ ਨੇ ਆਪਣੇ ਰੁਝੇਵਿਆਂ ਭਰਿਆ ਵਕਤ ਸਾਨੂੰ ਦਿੱਤਾ।

ਔਰਤਾਂ ਦੀ ਜਥੇਬੰਦੀਆਂ ਵਲੋਂ ਇੰਡੀਆ ਮਹਿਲਾ ਐਸੋ: ਤੇ ਸਮਾਨਤਾ ਦੇ ਪ੍ਰਤੀਨਿਧ ਆਏ।

ਫਾਰਮ ਵਰਕਰਜ਼ ਯੂਨੀਅਨ, ਜਿਨ੍ਹਾਂ ਦੀ ਕਈਆਂ ਸਾਲਾਂ ਦੀ ਸਖਤ ਮਿਹਨਤ ਦੇ ਸਦਕਾ ਅੱਜ ਸਾਡੇ ਫਾਰਮਾਂ ਵਿਚ ਕੰਮ ਕਰਨ ਵਾਲੇ ਵੀਰਾਂ ਤੇ ਭੈਣਾਂ ਲਈ ਅੱਗੇ ਨਾਲੋਂ ਕਾਫੀ ਚੰਗੀ ਹਾਲਾਤ ਹੋ ਚੁਕੇ ਹਨ। ਫਾਰਮਾਂ ਵਿਚ ਰਹਿਣ ਵਾਲੀਆਂ ਕੈਂਬਨਾਂ ਤੇ ਚੁਕਣ ਵਾਲੀਆਂ ਵੈਨਾਂ ਵੀ ਪਹਿਲੋਂ ਨਾਲੋਂ ਕਾਫੀ ਚੰਗੀਆਂ ਹਨ।

ਇਹਨਾਂ ਦੇ ਪ੍ਰਧਾਨ, ਸਰਵਣ ਬੋਲ, ਸਕੱਤਰ ਪ੍ਰੀਤਮ ਸਿੰਘ ਅਤੇ ਮੀਤ ਪ੍ਰਧਾਨ ਜਵਾਲਾ ਸਿੰਘ ਗਰੇਵਾਲ ਨੇ ਇਥੇ ਆਕੇ ਤੁਹਾਡੇ ਨਾਲ ਵਿਚਾਰ ਸਾਂਝੇ ਕੀਤੇ। ਫਾਰਮ ਵਰਕਰ ਯੂਨੀਅਨ ਅਜ ਭੀ ਕਾਮਿਆਂ ਦੇ ਹਿਤਾਂ ਲਈ ਜਦੋ ਜਹਿਦ ਕਰ ਰਹੀ ਹੈ ਤੇ ਚਾਹੁੰਦੀ ਹੈ ਕਿ ਫਾਰਮਾਂ ਵਿਚ ਕੰਮ ਕਰਨ ਵਾਲਿਆਂ ਲਈ ਵਰਕਰਜ਼ ਕੰਪਨਸੇਸ਼ਨ ਹੋਣਾ ਲਾਜ਼ਮੀ ਹੈ। ਅਸੀਂ ਅਰਦਾਸ ਕਰਦੇ ਹਾਂ ਕਿ ਯੂਨੀਅਨ ਇਸ ਮਸਲੇ ਵਿਚ ਸਫਲ ਹੋਵੇ।

ਇਸਤੋਂ ਇਲਾਵਾ ਨਸਲਵਾਦ ਵਾਰੇ ਅਮਰਜੀਤ ਸੂਫੀ, ਇੰਦਰ ਮੋਹਿਤ, ਚਰਨਪਾਲ ਗਿੱਲ ਅਤੇ ਸੀਨੀਅਰ ਸਿਟੀਜਨਾਂ ਦੀਆਂ ਪੈਨਸ਼ਨਾਂ ਵਾਰੇ ਹਰਕੇਵਲ ਬਾਸੀ ਤੇ ਰਣਜੀਤ ਦੀਵਾਨਾ ਨੇ ਤੁਹਾਨੂੰ ਬਹੁਤ ਜਾਣਕਾਰੀ ਦਿੱਤੀ।

ਹਿੰਦੋਸਤਾਨ ਲਈ ਵੀਜ਼ਾ ਲੈਣ ਬਾਰੇ ਸਾਡੇ ਕਈ ਭੈਣਾਂ ਤੇ ਭਰਾਵਾਂ ਨੂੰ ਕਾਫੀ ਤਕਲੀਫ ਆਉਂਦੀ ਸੀ। ਕਈ ਸੋਚਦੇ ਸਨ ਕਿ ਵੀਜ਼ਾ ਲਾਉਣ ਦਾ ਅਰਥ ਸਾਡੇ ਨਾਲ ਵਿਤਕਰਾ ਕਰਨਾ ਸੀ। ਅਸੀਂ ਖੁਲ੍ਹੀ ਰੇਡੀਓ ਲਾਈਨ ਕੀਤੀ ਤਾਂਕਿ ਸਾਰੇ ਲੋਕ ਆਪਦਾ ਵਿਚਾਰ ਪੇਸ਼ ਕਰ ਸਕਣ। ਜੋ ਲੋਕਾਂ ਨੇ ਸਾਨੂੰ ਗਿਲਾ ਦੱਸਿਆ ਅਸੀਂ ਰੋਸ ਪੱਤਰ ਨਾਲ ਕੌਂਸਲ ਕੋਲੇ ਪਹੁੰਚਾ ਦਿੱਤੀ। ਸਾਨੂੰ ਉਹਨਾਂ ਕਾਫੀ ਤਸੱਲੀ ਬਖਸ਼ ਤੇ ਉਤਰ ਦਿੱਤਾ। ਜਦ ਅਸੀਂ ਰੋਸ ਪ੍ਰਗਟ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਬੰਦ ਇਲਾਕਿਆਂ ਵਿਚ (ਜਿਵੇਂ ਕਿ ਪੰਜਾਬ) ਸੱਤ ਦਿਨ ਲੱਗਣਗੇ ਤੇ ਜਿਥੇ ਬੰਦਸ਼ ਇਲਾਕਾ ਨਹੀਂ ਉਥੇ ਸਿਰਫ ਤਿੰਨ ਦਿਨ ਲੱਗਣਗੇ। ਅੱਜ ਤੱਕ ਸਾਨੂੰ ਇਸ ਬਾਰੇ ਕੋਈ ਸ਼ਕਾਇਤ ਨਹੀਂ ਪਹੁੰਚੀ।

ਇਸਤੋਂ ਇਲਾਵਾ ਅਸੀਂ ਸਰੀ ਤੇ ਵੈਨਕੂਵਰ ਵਿਚ ਬਜ਼ੁਰਗਾਂ ਦਾ ਰੇਡੀਓ ਪ੍ਰੋਗਰਾਮ ਕੀਤਾ। ਬਜ਼ੁਰਗਾਂ ਨੇ ਆਪਦੀਆਂ ਸੋਹਣੀਆਂ ਸੋਹਣੀਆਂ ਕਵਿਤਾਵਾਂ ਗਾਈਆਂ, ਸਾਰੇ ਸੁਣਕੇ ਨਿਹਾਲ ਹੋਏ।

ਸਾਡੇ ਪ੍ਰੋਗਰਾਮਾਂ ਨੂੰ ਵਧੀਆ ਬਨਾਉਣ ਲਈ ਨਿੱਕ ਸਹੋਤਾ, ਗਣੀ ਗਿੱਲ, ਅਨੀਤਾ ਪੰਧੇਰ, ਹਾਰਜ਼ੀ ਸਾਂਘਰਾ ਤੇ ਸੀਤੋ ਡਿਲਣ ਨੇ ਬਹੁਤ ਮਦਦ ਕੀਤੀ ਤੇ ਯੋਗ ਹਿਸਾ ਪਾਇਆ। ਪ੍ਰੋਗਰਾਮ ਨੂੰ ਸਫਲ ਕਰਨ ਲਈ ਬਹੁਤ ਹੀ ਮਿਹਨਤ ਕੀਤੀ। ਨੌਜੁਆਨਾਂ ਦੇ ਪ੍ਰੋਗਰਾਮ ਤੋਂ ਇਲਾਵਾ ਛੋਟੇ ਬੱਚਿਆਂ ਦਾ ਪ੍ਰੋਗਰਾਮ ਵਿਚ ਹਿਸਾ ਪਾਉਣਾ ਭੀ ਬਹੁਤ ਹੀ ਪ੍ਰਸੰਸਾ ਜਨਕ ਹੈ।

ਇਕ ਗੱਲ ਜੋ ਸਭ ਤੋਂ ਜ਼ਰੂਰੀ ਹੈ ਤੇ ਬਹੁਤੀ ਮਹੱਤਤਾ ਰਖਦੀ ਹੈ ਉਹ ਤੁਸੀਂ ਹੋ ਸਾਡੇ ਸਰੋਤੇ। ਪ੍ਰੋਗਰਾਮ ਕਿੰਨਾ ਭੀ ਚੰਗਾ ਹੋਵੇ, ਉਸ ਵਿਚ ਬੋਲਣ ਵਾਲੇ ਕਿੰਨੇ ਭੀ ਚੰਗੇ ਹੋਣ, ਉਹ ਪ੍ਰੋਗਰਾਮ ਕਮਿਊਨਿਟੀ ਵਿਚ ਮਹੱਤਤਾ ਨਹੀਂ ਰੱਖ ਸਕਦਾ। ਇਸ ਕਰਕੇ ਮੇਰੇ ਵੀਰੋ, ਭੈਣੋਂ, ਮਾਤਾਓ ਤੇ ਬਜ਼ੁਰਗੋ ਮੈਂ ਤੁਹਾਡਾ ਸਭ ਤੋਂ ਵੱਧ ਰਿਣੀ ਹਾਂ। ਇਸ ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਤੁਹਾਡੇ ਸਿਰ ਹੈ। ਤੁਸੀਂ ਕਈ ਵੇਰਾਂ ਸਾਨੂੰ ਚਿੱਠੀਆਂ ਤੇ ਫੂਨਾਂ ਰਾਹੀਂ ਆਪਣੇ ਸੁਝਾਅ ਭੇਜੇ ਹਨ। ਮੈਨੂੰ ਆਸ ਨਹੀਂ, ਵਿਸ਼ਵਾਸ ਹੈ ਕਿ ਤੁਸੀਂ ਇਸੇ ਤਰ੍ਹਾਂ ਸਾਡਾ ਹੌਂਸਲਾ ਹਫਜ਼ਾਈ ਕਰਦੇ ਰਹੋਗੇ। ਅਸੀਂ ਤੁਹਾਡੇ ਨਾਲ ਵਾਅਦਾ ਕਰਦੇ ਹਾਂ ਕਿ ਤੁਹਾਡੀ ਸੇਵਾ ਵਿਚ ਬਹੁਤ ਹੀ ਚੰਗੇ ਤੇ ਸੋਹਣੇ ਪ੍ਰੋਗਰਾਮ ਪੇਸ਼ ਕਰਦੇ ਰਹਾਂਗੇ। ਮੈਂ ਇਕ ਵਾਰ ਫਿਰ ਤੁਹਾਨੂੰ ਸਾਰਿਆਂ ਨੂੰ ਸਮੇਂ ਦੀ ਆਵਾਜ਼ ਪ੍ਰੋਗਰਾਮ ਦੀ ਵਧਾਈ ਦਿੰਦਾ ਹਾਂ — ਸਤਿ ਸ੍ਰੀ ਅਕਾਲ

ਆਪਦਾ
ਨਰਿੰਦਰ


## ਕਿਰਾਏ ਲਈ ਖਾਲੀ

ਦੋ ਬੈੱਡਰੂਮ ਦੀ ਸੁਈਟ ਰਿਚਮੰਡ ਵਿਚ ਖਾਲੀ ਹੈ। ਜਿ
ਵਿਚ Kitchen, full washroom ਬਣਿਆ ਹੈ। ਜੋ ਕਿ
ਕੈਂਬੀ ਅਤੇ ਨੰਬਰ 5 ਰੋਡ, ਸਕੂਲ ਅਤੇ ਬੱਸ ਸਟਾਪ ਦੇ ਨਜ਼ਦੀਕ
ਹੋਰ ਜਾਣਕਾਰੀ ਲਈ ਫੋਨ ਕਰੋ :—

Ph. 270-1529



# AIR-INDIA ANNOUNCES INDIA TWO WAYS.

We want to make it as convenient as possible for you to fly Air-India to India. So we suggest you leave any day of the week and choose

1. 
Fly to New York and connect with Air-India's 8:15 nightly departure for Delhi or Bombay.

2. 
Fly to London or Paris and pick up Air-India there.

AIR-INDIA
WE'RE YOUR AIRLINE
See your Travel Agent and make your reservations now.



# GILL AUTO SALES

# ਗਿੱਲ ਆਟੋ ਸੇਲਜ਼

DLR #8220

## 'ਤੇ ਪਹੁੰਚੋ

## ਕਾਰਾਂ, ਵੈਨਾਂ ਜਾਂ ਪਿਕ ਅੱਪ ਖ਼ੀਦੋ

## QUALITY USED CARS

ਹਰ ਮੇਕ ਦੀ ਨਵੀਂ ਕਾਰ ਖ਼ੀਦਣ ਤੋਂ ਪਹਿਲਾਂ ਸੈਂਕੜੇ ਹੀ ਡਾਲਰ ਬਚਾਉਣ ਲਈ ਸਾਨੂੰ ਸਲਾਹ ਲਈ ਮਿਲੋ ਜਾਂ ਫੋਨ ਕਰੋ

For Your Next New or Used Car Contact Us. Best Value For Used Car.

Contact :

**P.S. Gill OR Surinder Singh**



80 CADILLAC SeVille, Diesel, loaded, $9150



81 — GMC VAN.¾ TON 305 ENGINE P/S P/B — $4550



76 CADILLAC Eldorado, black, red leather interior, loaded, beauty $5495



81 MUSTANG Cobra A/T ps pb am fm casstte T-bar roof, mint condition only $7550



79 HONDA Prelude, A/T am fm cassette, sunroof $3295



79 HONDA Civic H/B 5 spd. mint condition $2695



80 FIREBIRD Formula ps pb p door a/c tilt cruise, am fm casstte, T-roof low mileage $5995



81 MUSTANG Ghia AT ps pb am fm casstte sunroof $4250

### Special This Week

84 DODGE ARIES 2 DR AUTO P/S P/B AIR CONDITON
$6250.00

75 MERCEDES - AUTO 4 DR $ 9550

1980 FORMULA - A/T - P/S - P/B - P/W P/L TILT CRUISE - P/TRUNK - AIR & T BAR ROOF
SPECIAL $5995.00



1986 CHEV CAPRICE CLASSIC, 4 dr. auto., ps, pb, pw, pdl, p. seats, air cond., tilt, cruise, only 19,000 kms. Super Buy $13,950



1984 OLDS CUTLASS BROUGHAM, 2 dr., am-fm cass., split seat, mint cond. $9950



1983 BUICK REGAL LTD. 2 dr., auto., ps, pb, pdl., tilt, cruise, air, am-fm cass., moonroof, mint cond. $9950



1984 MAZDA RX7 GSL, auto., loaded. $13,950



1983 PONTIAC GRAND LEMANS, 4 dr., ps, pb, air, am-fm cass., min $7750



1981 PONTIAC LEMANS, 4 dr., auto., ps, pb, air cond., am-fm cass. ONLY $4250

MANY OTHER QUALITY CARS & VANS TO CHOOSE FROM

**6138 KINGSWAY**
**(Between Gilly & Imperial)**
**Ph. 432-7333**